# ਅੰਬਰੋਂ ਟੁੱਟੇ ਤਾਰੇ

## ਵਿੱਛੜੇ ਕਲਾਕਾਰਾਂ ਦੇ ਮੋਹ ਦੀ ਪਿਆਸ

ਸਵਰਨ ਸਿੰਘ ਟਹਿਣਾ

www.PunjabiLibrary.com

# ਅੰਬਰੋਂ ਟੁੱਟੇ ਤਾਰੇ

**ਇਸ ਤੋਂ ਪਹਿਲਾਂ**

* ਸੁਲਘਦੇ ਬੋਲ
* ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ
* ਅਹਿਸਾਸ
* ਮਾਣ-ਏ-ਫ਼ਰੀਦਕੋਟ
* ਸੁਰਾਂ ਦੇ ਵਾਰਿਸ

# ਅੰਬਰੋਂ ਟੁੱਟੇ ਤਾਰੇ

## ਵਿੱਛੜੇ ਕਲਾਕਾਰਾਂ ਦੇ ਮੋਹ ਦੀ ਪਿਆਸ

**ਸਵਰਨ ਸਿੰਘ ਟਹਿਣਾ**

*ਪੰਜਾਬੀ ਲੇਖਕ ਡਾਟ ਕਾਮ*

**Amberon Tutey Tarey**
Life Sketches
©by Swarn Singh Tehna
swarntehna@gmail.com
91-98141-78883

Published by :
**Punjabilekhak.Com**
Chicago

2011

$ 10, Rs 100/-

Printed At
**Asia Visions**
info@kitaban.com
1-209-589-3367

7 ਮਾਣ ਰਹੇਗਾ ਬੋਤੇ 'ਤੇ
8 ਜਾਣ ਵਾਲਿਆਂ ਨੂੰ ਚੇਤੇ ਕਰਨ ਦਾ ਯਤਨ
11 ਯਾਦ ਜਿਹੀ ਆਉਂਦੀ ਰਹਿੰਦੀ ਏ...
14 ਆਸਾ ਸਿੰਘ ਮਸਤਾਨਾ
19 ਅਮਰ ਸਿੰਘ ਚਮਕੀਲਾ
25 ਦਿਲਸ਼ਾਦ ਅਖ਼ਤਰ
32 ਸੁਰਜੀਤ ਬਿੰਦਰਖੀਆ
38 ਪਰਮਿੰਦਰ ਸੰਧੂ
42 ਸਨਮੁਖ ਸਿੰਘ ਅਜ਼ਾਦ
46 ਇੰਦਰਜੀਤ ਹਸਨਪੁਰੀ
51 ਕੁਲਵਿੰਦਰ ਢਿੱਲੋਂ
57 ਇਸ਼ਮੀਤ ਸਿੰਘ
61 ਸੁਰਜੀਤ ਗਾਮੀ
64 ਸੀਤਲ ਸਿੰਘ ਸੀਤਲ
69 ਆਸੀ ਅਨਪੜ੍ਹ
74 ਗੁਰਮੀਤ ਨਾਗਰਾ
79 ਸੋਨੀ ਪਾਬਲਾ
84 ਨੀਲੇ ਖ਼ਾਨ

# ਸਮਰਪਤ

ਗੀਤ-ਸੰਗੀਤ ਵਿਚਲੇ ਵਿਗਾੜਾਂ ਖਿਲਾਫ਼ ਝੰਡਾ ਚੁੱਕਣ ਵਾਲਿਆਂ ਨੂੰ

# ਮਾਣ ਰਹੇਗਾ ਥੋੜੇ ’ਤੇ

ਪੰਜਾਬੀ ਸਾਹਿਤ, ਸੱਭਿਆਚਾਰ ਤੇ ਚਲੰਤ ਮਾਮਲਿਆਂ ਪ੍ਰਤੀ ਫ਼ਿਕਰਮੰਦ ਕਿੰਨੇ ਹੀ ਪੰਜਾਬੀਆਂ ਨੇ ਵੱਖ-ਵੱਖ ਮੁਲਕਾਂ ’ਚ ਜਾ ਅਖ਼ਬਾਰਾਂ, ਰਸਾਲੇ, ਰੇਡੀਓ ਤੇ ਟੀ.ਵੀ. ਚੈਨਲ ਸ਼ੁਰੂ ਕੀਤੇ। ਉਨ੍ਹਾਂ ਦੇ ਇਹ ਯਤਨ ‘ਆਪਣਿਆਂ’ ਨੂੰ ‘ਆਪਣਿਆਂ’ ਨਾਲ ਜੋੜਨ ਵਾਲੇ ਨੇ। ਕਈ ਪੰਜਾਬੀ ਅਜਿਹੇ ਨੇ, ਜਿਨ੍ਹਾਂ ਆਪਣੇ ਹਿੱਸੇ ਆਉਂਦੀ ਜ਼ਿੰਮੇਵਾਰੀ ਇੰਟਰਨੈੱਟ ਜ਼ਰੀਏ ਨਿਭਾਉਣੀ ਆਰੰਭੀ ਤੇ ਉਨ੍ਹਾਂ ਯਤਨਸ਼ੀਲਾਂ ’ਚੋਂ ਇੱਕ ਹੈ ‘ਪੰਜਾਬੀ ਲੇਖਕ ਡਾਟ ਕਾਮ’ ਵੈੱਬਸਾਈਟ ਦਾ ਸੰਚਾਲਕ ਗੁਰਮੁਖ ਸਿੰਘ ਭੁੱਲਰ, ਜਿਸ ਨੇ ਪਹਿਲਾਂ ‘ਅੰਬਰੋਂ ਟੁੱਟੇ ਤਾਰੇ’ ਵਿਚਲੇ ਕਲਾਵਾਨਾਂ ਬਾਰੇ ਲਿਖਣ ਲਈ ਪ੍ਰੇਰਿਆ ਤੇ ਫੇਰ ਪੁਸਤਕ ਪਾਠਕਾਂ ਤੱਕ ਅੱਪੜਦੀ ਕਰਨ ਲਈ ਹਰ ਪੱਖ ਤੋਂ ਸਹਿਯੋਗ ਦਿੱਤਾ।

ਉਹ ਸਿਫ਼ਤ ਦਾ ਹੱਕਦਾਰ ਸਿਰਫ਼ ਇਸ ਕਰਕੇ ਨਹੀਂ ਕਿ ਮੇਰਾ ਯਾਰ ਹੈ, ਸਗੋਂ ਇਸ ਕਰਕੇ ਹੈ ਕਿ ਜਿੰਨਾ ਵਕਤ ਉਹ ਰੋਟੀ ਖਾਤਰ ਆਪਣੇ ਕੰਮ ਨਾਲ ਜੁੜਿਆ ਰਹਿੰਦਾ ਹੈ, ਓਨਾ ਹੀ ਮੇਰੇ ਵਰਗਿਆਂ ਨੂੰ ਹੋਰ ਤਿੱਖਾ ਲਿਖਣ ਲਈ ਪ੍ਰੇਰਨ ਵਾਸਤੇ ਕੱਢਦਾ ਹੈ।

ਲਿਖਣ ਵਾਲੇ ਤਾਂ ਦੁਖਿਆਰਿਆਂ ਲਈ ਸਿਰਫ਼ ਵਕਤ ਕੱਢਦੇ ਨੇ, ਉਨ੍ਹਾਂ ਬਾਰੇ ਜਾਣ-ਸੁਣ ਕੇ ਹਰ ਤਰ੍ਹਾਂ ਦੀ ਮਦਦ ਲਈ ਬਾਂਹ ਕੱਢਣ ਦਾ ਵੱਡਾ ਜ਼ਿੰਮਾ ਪ੍ਰਵਾਸੀਆਂ ਹਿੱਸੇ ਹੀ ਆਇਆ। ਮੈਨੂੰ ਮਾਣ ਹੈ ਅਮਰ ਸਿੰਘ ਗੁਰੂ, ਹਰਦੇਵ ਸਿੰਘ (ਜਰਮਨ), ਨਰਿੰਦਰ ਸਿੰਘ ਥਾਂਦੀ ਤੇ ਉਨ੍ਹਾਂ ਸਾਰੇ ਪੰਜਾਬੀਆਂ ’ਤੇ, ਜਿਨ੍ਹਾਂ ਲੋੜਵੰਦ ਕਲਾਕਾਰਾਂ ਦੀ ਬਾਂਹ ਫੜਨ ਦਾ ਹੌਸਲਾ ਵਿਖਾਇਆ ਤੇ ਇਸ ਧਾਰਨਾ ਨੂੰ ਝੁਠਲਾਇਆ ਕਿ ਬਾਹਰ ਵਸਦੇ ਕੇਵਲ ਧਾਰਮਿਕ ਥਾਂਵਾਂ ਚਮਕਾਉਣ ’ਚ ਦਿਲਚਸਪੀ ਦਿਖਾਉਂਦੇ ਨੇ, ਜਿਊਂਦਿਆਂ ਦੀ ਬਾਤ ਨਹੀਂ ਪੁੱਛਦੇ।

# ਜਾਣ ਵਾਲਿਆਂ ਨੂੰ ਚੇਤੇ ਕਰਨ ਦਾ ਯਤਨ

ਮਾਣ ਲੈ ਖੁਸ਼ਬੋਈ, ਆਖਰ ਮੌਤ ਹੈ,
ਜ਼ਿੰਦਗੀ ਤਾਂ ਹੋਈ, ਆਖਰ ਮੌਤ ਹੈ।
ਮੰਡਲਾਂ, ਚੰਨ, ਧਰਤੀਆਂ ਵਿੱਚ ਗਰਦਸ਼ਾਂ,
ਵਿੱਚ ਸਮੋਈ ਹੋਈ, ਆਖਰ ਮੌਤ ਹੈ।

ਮੌਤ, ਹਰ ਜਿਊਂਦੀ ਚੀਜ਼ ਨੂੰ ਆਪਣੀ ਕਾਲ਼ੀ ਬੁੱਕਲ਼ ਵਿੱਚ ਲਪੇਟ ਲੈਂਦੀ ਹੈ। ਇਸ ਨੇ ਕਦੇ ਵੀ ਰਾਜੇ ਜਾਂ ਭਿਖਾਰੀ, ਅਮੀਰ ਜਾਂ ਗ਼ਰੀਬ, ਗੋਰੇ ਜਾਂ ਕਾਲ਼ੇ, ਸਾਧੂ ਜਾਂ ਚੋਰ ਵਿੱਚ ਫ਼ਰਕ ਨਹੀਂ ਕੀਤਾ। ਸਾਰੇ ਹੀ ਜੀਵ ਚਾਹੇ ਉਹ ਇਨਸਾਨ ਹੋਵੇ ਜਾਂ ਮੱਕੜੀ, ਸ਼ੇਰ ਹੋਵੇ ਜਾਂ ਸਾਨ੍ਹ, ਮੌਤ ਦੇ ਬੇ-ਤਲ ਖੂਹ ਵਿੱਚ ਡਿੱਗ ਕੇ ਕਦੀ ਵਾਪਸ ਨਹੀਂ ਆਉਂਦੇ।

ਮਨੁੱਖ ਦੇ ਜੀਵਨ ਅਤੇ ਮੌਤ ਵਿੱਚ ਬਾਕੀ ਜੀਵਾਂ ਨਾਲੋਂ ਏਨਾ ਕੁ ਫ਼ਰਕ ਜ਼ਰੂਰ ਹੈ ਕਿ ਅਸੀਂ ਜ਼ਿੰਦਗੀ ਅਤੇ ਮੌਤ ਦੇ ਮਾਇਨੇ ਆਪਣੇ ਚਿੰਤਨ ਅਤੇ ਫ਼ਲਸਫ਼ੇ ਦੇ ਅਧਾਰ 'ਤੇ ਕੱਢਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਆਪਣੇ ਪਿਆਰਿਆਂ ਨੂੰ, ਜੋ ਮੌਤ ਦੇ ਅਣਮੁੱਕ ਸਫ਼ਰ 'ਤੇ ਜਾ ਚੁੱਕੇ ਹਨ, ਨੂੰ ਯਾਦ ਰੱਖਦੇ ਹਾਂ।ਅਸੀਂ ਉਨ੍ਹਾਂ ਦੇ ਹਰ ਰੂਪ, ਰੰਗ ਨੂੰ ਆਪਣੇ ਦਿਲ ਵਿੱਚ ਸਾਂਭ ਕੇ ਰੱਖਦੇ ਹਾਂ। ਡਾ. ਸੁਰਜੀਤ ਪਾਤਰ ਹੁਰਾਂ ਦਾ ਇੱਕ ਸ਼ੇਅਰ ਹੈ :

ਉਦੋਂ ਤੱਕ ਤੂੰ ਹੈਂ ਸਾਡੀ ਹਿੱਕ ਦੇ ਵਿੱਚ ਮਹਿਫ਼ੂਜ਼ ਮਰ ਕੇ ਵੀ,
ਜਦੋਂ ਤੱਕ ਜਿਸਮ ਸਾਡੇ ਨਹੀਂ ਸੜ ਕੇ ਸਵਾਹ ਬਣਦੇ।

ਇਹ ਪਿਆਰ ਤੇ ਮੋਹ, ਜੋ ਅਸੀਂ ਆਪਣੇ ਸਕੇ-ਸਬੰਧੀਆਂ ਅਤੇ ਪਿਆਰਿਆਂ ਲਈ ਬਚਾਇਆ ਹੋਇਆ ਹੈ, ਕੌਮ ਦੇ ਰਾਖਿਆਂ, ਧਰਮ ਤੇ ਸੱਭਿਆਚਾਰ ਦੇ ਮਸੀਹਿਆਂ ਅਤੇ ਕਲਾਕਾਰਾਂ ਨੂੰ ਵੀ ਦਿੰਦੇ ਹਾਂ। ਕਲਾਕਾਰਾਂ ਲਈ ਸਾਡੇ ਦਿਲ ਵਿੱਚ ਵਿਸ਼ੇਸ਼ ਥਾਂ ਦਾ ਕਾਰਨ ਸ਼ਾਇਦ ਇਹ ਹੈ ਕਿ ਇਨਸਾਨ ਨੂੰ ਬਾਕੀ ਜੀਵਾਂ ਨਾਲੋਂ ਅਲੱਗ ਚਿੰਤਨ ਦੇਣ ਵਿੱਚ ਕਲਾ ਦੀ ਸਭ ਤੋਂ ਵੱਡੀ ਦੇਣ ਹੈ। ਦੁਨੀਆ ਵਿੱਚ ਰੋਜ਼ ਡੇਢ ਲੱਖ ਤੋਂ ਉੱਪਰ ਲੋਕ ਮਰਦੇ ਹਨ। ਉਨ੍ਹਾਂ ਦੇ ਪਿਆਰੇ ਉਨ੍ਹਾਂ ਨੂੰ ਜ਼ਰੂਰ ਯਾਦ ਰੱਖਦੇ ਹੋਣਗੇ। ਪਰ ਅੱਜ ਦੇ ਸਮੂਹ ਪੰਜਾਬੀਆਂ ਲਈ ਸਵਰਨ ਸਿੰਘ ਟਹਿਣਾ ਦੀ ਕਿਤਾਬ 'ਅੰਬਰੋਂ ਟੁੱਟੇ ਤਾਰੇ' ਵਿਚਲੇ ਕਲਾਕਾਰਾਂ ਦੀ ਮੌਤ ਨਾਲ ਪਿਆ ਘਾਟਾ ਆਪਣਿਆਂ ਨਾਲੋਂ

ਕਈ ਸੌ ਗੁਣਾ ਵੱਡਾ ਲੱਗਦਾ ਹੈ। ਮੈਂ ਤਾਂ ਮਹਿਸੂਸ ਕਰਦਾ ਹਾਂ ਕਿ ਉਹ ਕਲਾਕਾਰ, ਜੋ ਸਾਨੂੰ ਭਰ ਜਵਾਨੀ ਵਿੱਚ ਛੱਡ ਕੇ ਚਲੇ ਗਏ ਜਾਂ ਸਾਥੋਂ ਖੋਹ ਲਏ ਗਏ, ਜੇ ਪੰਜਾਬੀ ਸੰਗੀਤ ਨੂੰ ਆਪਣੇ ਰੰਗ ਵਿੱਚ ਰੰਗਦੇ ਰਹਿੰਦੇ ਤਾਂ ਹੁਣ ਤੱਕ ਸਾਡੇ ਸੱਭਿਆਚਾਰ ਦਾ ਇਹ ਪਹਿਲੂ ਹੋਰ ਕਿੰਨਾ ਅਮੀਰ ਹੋ ਜਾਣਾ ਸੀ। ਇਹ ਘਾਟ, ਇਹ ਅਹਿਸਾਸ ਕਿ ਅਸੀਂ ਹੁਣ ਕਦੇ ਇਨ੍ਹਾਂ ਮਹਾਨ ਕਲਾਕਾਰਾਂ ਨੂੰ ਦੇਖ ਨਹੀਂ ਸਕਦੇ, ਮਿਲ ਨਹੀਂ ਸਕਦੇ, ਅੰਦਰੋ-ਅੰਦਰ ਹਰ ਕਲਾ-ਪ੍ਰੇਮੀ ਨੂੰ ਖੋਰਦਾ ਹੈ। ਸਾਡੇ ਮਨ ਦੀ ਚਾਹਤ ਹੈ ਉਨ੍ਹਾਂ ਦੀ ਜ਼ਿੰਦਗੀ ਤੇ ਸ਼ਖ਼ਸੀਅਤ ਬਾਰੇ ਹਰ ਗੱਲ ਜਾਨਣ ਦੀ, ਤਾਂ ਜੁ ਅਸੀਂ ਉਨ੍ਹਾਂ ਦੇ ਤੁਰ ਜਾਣ ਬਾਅਦ ਵੀ ਆਪਣੇ ਦਿਲ ਵਿੱਚ ਬਣੀ ਉਨ੍ਹਾਂ ਦੀ ਤਸਵੀਰ ਸੰਪੂਰਨ ਕਰ ਸਕੀਏ। 'ਅੰਬਰੋਂ ਟੁੱਟੇ ਤਾਰੇ' ਇੱਕ ਅਜਿਹੀ ਹੀ ਪੁਸਤਕ ਹੈ, ਜੋ ਸਾਡੇ ਹਿਰਦਿਆਂ ਵਿੱਚ ਆਪਣੇ ਵਿੱਛੜੇ ਕਲਾਕਾਰਾਂ ਦੇ ਮੋਹ ਦੀ ਪਿਆਸ 'ਤੇ ਸੀਤਲ ਜਲ ਛਿੜਕਾਉਂਦੀ ਜਾਪਦੀ ਹੈ।

ਦੂਜਾ ਪਹਿਲੂ ਇਹ ਵੀ ਹੈ ਕਿ ਅੱਜ ਦੇ ਨਾਇਕ ਭਲਕ ਦੀ ਗ਼ਰਦ ਵਿੱਚ ਗੁੰਮ ਹੋ ਸਕਦੇ ਹਨ। ਸੋਚਵਾਨ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੇ ਨਾਂਅ-ਸਿਰਨਾਵੇਂ ਆਪਣੇ ਵਾਰਿਸਾਂ ਲਈ ਛੱਡ ਜਾਈਏ, ਜਿਨ੍ਹਾਂ ਸਾਡੇ ਸਮਿਆਂ ਨੂੰ ਬਣਾਇਆ, ਸੰਵਾਰਿਆ ਅਤੇ ਸ਼ਿੰਗਾਰਿਆ। ਇਹ ਪੱਖ ਇਸ ਕਿਤਾਬ ਦਾ ਮਹੱਤਵ ਹੋਰ ਵੀ ਵਧਾ ਦਿੰਦਾ ਹੈ।

ਸਵਰਨ ਸਿੰਘ ਟਹਿਣਾ ਦਾ ਨਾਂਅ ਪੰਜਾਬੀ ਸਾਹਿਤ ਜਗਤ ਵਿੱਚ ਬਹੁਤ ਜਲਦੀ ਚਮਕਿਆ ਹੈ। ਇਸਦਾ ਕਾਰਨ ਉਸ ਦਾ ਭਾਸ਼ਾ 'ਤੇ ਅਧਿਕਾਰ ਤੇ ਉਸ ਦੀ ਸੱਚ ਕਹਿਣ ਦੀ ਹਿੰਮਤ ਹੈ। ਉਸ ਨੇ ਹੁਣ ਤੱਕ ਕਈ ਕਿਤਾਬਾਂ ਦੀ ਰਚਨਾ ਕੀਤੀ ਹੈ, ਪਰ ਉਸ ਦਾ ਦਿਲ ਪੱਤਰਕਾਰਾਂ ਵਾਲਾ ਹੈ। ਸਵਰਨ ਨੇ ਕਦੇ ਔਖੇ ਤੇ ਸੰਵੇਦਨਸ਼ੀਲ ਵਿਸ਼ਿਆਂ ਤੋਂ ਕੰਨੀ ਕਤਰਾ ਕੇ ਪੱਤਰਕਾਰੀ ਕਿੱਤੇ ਤੇ ਲੇਖਕ ਦੇ ਫ਼ਰਜ਼ ਤੋਂ ਮੂੰਹ ਨਹੀਂ ਫੇਰਿਆ। ਅਮਰੀਕਾ ਦੇ ਮਹਾਨ ਲੇਖਕ ਮਾਰਕ ਟਵੇਨ ਤੋਂ ਲੈ ਕੇ ਰੂਸੀ ਲੇਖਕ ਬੋਰਿਸ ਪੋਲੇਵੋਈ ਤੱਕ, ਪੱਤਰਕਾਰੀ ਦੇ ਕਿਸਬ ਨੇ ਸਾਹਿਤ ਦੇ ਇਤਿਹਾਸ ਵਿੱਚ ਬਹੁਤ ਸਾਰੇ ਠੋਸ ਇਰਾਦੇ ਅਤੇ ਸੱਚ 'ਤੇ ਪਹਿਰੇਦਾਰੀ ਕਰਨ ਵਾਲੇ ਲੇਖਕ ਪੈਦਾ ਕੀਤੇ ਹਨ। ਪੱਤਰਕਾਰੀ ਨੇ ਸਵਰਨ ਨੂੰ ਵੀ ਨਿੱਜੀ ਵਿਚਾਰਾਂ ਤੋਂ ਉੱਪਰ ਉੱਠ ਕੇ ਵਿਸ਼ਾ-ਵਸਤੂ ਅਤੇ ਪਾਠਕਾਂ ਲਈ ਲਿਖਣ ਦਾ ਵੱਲ ਸਿਖਾਇਆ ਹੈ।

ਸਵਰਨ ਦੇ ਹਫ਼ਤਾਵਾਰੀ ਲੇਖ ਦੁਨੀਆ ਭਰ ਦੀਆਂ ਪੰਜਾਬੀ ਅਖ਼ਬਾਰਾਂ ਵਿੱਚ ਛਪਦੇ ਹਨ। ਲੱਖਾਂ ਪੰਜਾਬੀਆਂ ਨੂੰ ਕਿਸੇ ਭਖਦੇ ਸਮਾਜਿਕ ਜਾਂ ਕਲਾਤਮਕ

ਮਸਲੇ ਉੱਤੇ ਉਸ ਦੇ ਲੇਖ ਪੜ੍ਹਨ ਦੀ ਉਡੀਕ ਰਹਿੰਦੀ ਹੈ। ਸਵਰਨ ਨੂੰ ਪਹਿਲੇ ਦਿਨੋਂ ਹੀ ਪੰਜਾਬੀ ਸੰਗੀਤ ਜਗਤ ਨਾਲ ਪਿਆਰ ਰਿਹਾ ਹੈ। ਉਸ ਦੇ ਮਨ ਵਿੱਚ ਸਦਾ ਇਸ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਹਨ। ਗਾਇਕਾਂ ਜਾਂ ਗੀਤਕਾਰਾਂ ਦੀ ਹਰ ਕੁਤਾਹੀ ਜਾਂ ਕੁਰਾਹ ਉਸ ਦੇ ਮਨ ਵਿਚਲੇ ਛਾਲਿਆਂ ਨੂੰ ਛਿੱਲਦੇ ਹਨ। ਉਸ ਨੇ ਸੰਗੀਤ ਅਤੇ ਸੱਭਿਆਚਾਰ ਦੇ ਹੋਰ ਵਿਸ਼ਿਆਂ 'ਤੇ ਬੇਸ਼ੁਮਾਰ ਲਿਖਿਆ ਹੈ ਤੇ ਕਦੇ ਵੀ ਚੰਗਿਆਈ ਨੂੰ ਲੋੜੋਂ ਵੱਧ ਚਮਕਾਉਣ ਤੇ ਬੁਰਾਈ ਨੂੰ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸੇ ਤਰ੍ਹਾਂ ਹੀ 'ਅੰਬਰੋਂ ਟੁੱਟੇ ਤਾਰੇ' ਵਿਚਲੀਆਂ ਲਿਖਤਾਂ ਸਾਡੇ ਮਨ ਵਿੱਚ ਸਾਡੇ ਚਹੇਤੇ ਕਲਾਕਾਰਾਂ ਦੇ ਨਕਸ਼ ਕਿਸੇ ਦੈਵੀ ਰੂਪ ਵਿੱਚ ਨਹੀਂ ਉਭਾਰਦੀਆਂ, ਸਗੋਂ ਉਨ੍ਹਾਂ ਦੇ ਸਾਡੇ ਆਪਣੇ ਵਰਗੇ ਹੀ ਮਨੁੱਖਤਾ ਭਰਪੂਰ ਚਿੱਤਰ ਸਿਰਜਦੀਆਂ ਹਨ।

ਮੈਨੂੰ ਸੰਪੂਰਨ ਆਸ ਹੈ ਕਿ ਇਹ ਪੁਸਤਕ ਪੰਜਾਬੀ ਸੰਗੀਤ ਦੇ ਇਤਿਹਾਸ ਲਈ ਵਡਮੁੱਲੀ ਰਚਨਾ ਸਾਬਤ ਹੋਵੇਗੀ। ਮੈਂ ਸਵਰਨ ਸਿੰਘ ਟਹਿਣਾ ਨੂੰ ਇਹ ਖੋਜ ਭਰਪੂਰ ਤੇ ਭਾਵਨਾਤਮਕ ਕਿਤਾਬ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਲਈ ਵਧਾਈ ਦਿੰਦਾ ਹਾਂ।

**- ਸੰਗਤਾਰ**

# ਯਾਦ ਜਿਹੀ ਆਉਂਦੀ ਰਹਿੰਦੀ ਏ...

ਪੰਜਾਬ ਦੇ ਤਕਰੀਬਨ ਸਾਢੇ ਬਾਰਾਂ ਹਜ਼ਾਰ ਪਿੰਡਾਂ 'ਚ ਹੀ ਕਲਾ ਦੀਆਂ ਛੱਲਾਂ ਉੱਠਦੀਆਂ ਨੇ, ਫ਼ਰਕ ਸਿਰਫ਼ ਏਨਾ ਕੁ ਹੈ ਕਿ ਕਿਤੇ ਇਹ ਛੱਲਾਂ ਲੁਧਿਆਣੇ ਦੇ ਬੁੱਢੇ ਨਾਲੇ ਵਾਂਗ ਗੰਦ ਪਾਉਣ ਵਾਲੀਆਂ ਨੇ ਤੇ ਕਿਤੇ ਪੂਰੀ ਤਰ੍ਹਾਂ ਨਿਰਮਲ, ਦਰਬਾਰ ਸਾਹਿਬ ਵਿਚਲੇ ਸਰੋਵਰ ਵਰਗੀਆਂ। ਕਦੇ-ਕਦਾਈਂ ਕਾਲੀ ਵੇਈਂ ਦੀ ਸਫ਼ਾਈ ਮੁਹਿੰਮ ਵਾਂਗ ਗੰਦ ਪਾਉਂਦੀਆਂ ਛੱਲਾਂ ਰੋਕਣ ਲਈ ਯਤਨ ਆਰੰਭੇ ਜਾਂਦੇ ਨੇ, ਪਰ ਏਨੇ ਕੁ ਯਤਨਾਂ ਨਾਲ ਲਗਾਤਾਰ ਗੰਧਲੇ ਹੋ ਰਹੇ ਕਲਾ ਦੇ ਦਰਿਆ ਨੂੰ ਸੁਥਰਾ ਰੱਖ ਸਕਣ ਦੀਆਂ ਉਮੀਦਾਂ ਨਹੀਂ ਬੱਝਦੀਆਂ।

ਹਥਲੀ ਤੋਂ ਪਹਿਲੀ ਕਿਤਾਬ 'ਸੁਰਾਂ ਦੇ ਵਾਰਿਸ' ਉਨ੍ਹਾਂ ਸ਼ਖ਼ਸੀਅਤਾਂ ਬਾਰੇ ਸੀ, ਜਿਨ੍ਹਾਂ ਪੂਰੀ ਜ਼ਿੰਦਗੀ ਕਲਾ ਦੇ ਲੇਖੇ ਲਾ ਛੱਡੀ, ਪਰ ਨਾ ਸੱਭਿਆਚਾਰ ਬਚਾਉਣ ਵਾਲੀਆਂ ਜਥੇਬੰਦੀਆਂ, ਨਾ ਸਰਕਾਰਾਂ ਤੇ ਨਾ ਸੁਣਨ ਵਾਲਿਆਂ ਉਨ੍ਹਾਂ ਦੀ ਸਾਰ ਲਈ, ਸਿੱਟੇ ਵਜੋਂ ਉਮਰ ਦੇ ਇਸ ਪੜਾਅ 'ਤੇ ਜੋਗਿੰਦਰ ਸਿੰਘ ਮਤਵਾਲਾ, ਦਲੀਪ ਸਿੰਘ ਦੀਪ, ਸੁਰਿੰਦਰ ਸੋਨੀਆ, ਚਤਰ ਸਿੰਘ ਪਰਵਾਨਾ, ਉੱਤਮ ਸਿੰਘ ਭੋਲ਼ਾ ਨਾਥ ਤੇ ਇਨ੍ਹਾਂ ਵਰਗੇ ਕਈ ਹੋਰ ਗਾਇਕ, ਗੀਤਕਾਰ ਦਵਾਈ-ਬੂਟੀ ਤੇ ਰੋਟੀ-ਟੁੱਕ ਲਈ ਬੇਗਾਨੇ ਹੱਥਾਂ ਵੱਲ ਝਾਕ ਰਹੇ ਨੇ।

ਜਿਊਂਦਿਆਂ 'ਚ ਨੁਕਸ ਕੱਢਣੇ ਤੇ ਮੋਇਆਂ ਦੀਆਂ ਫੋਟੋਆਂ ਪੂਜਣਾ ਮਨੁੱਖੀ ਸੁਭਾਅ ਦੀ ਫ਼ਿਤਰਤ ਹੈ। ਜਿਹੜੇ ਕਲਾਵਾਨ ਮੌਜੂਦ ਨੇ, ਉਨ੍ਹਾਂ ਦੀ ਮੱਦਦ ਦੀ ਥਾਂ ਅਤੀਤ ਵਿੱਚ ਉਨ੍ਹਾਂ ਵੱਲੋਂ ਕੀਤੀਆਂ ਗ਼ਲਤੀਆਂ ਨੂੰ ਚਿਤਾਰਿਆ ਜਾਂਦੈ, ਤੇ ਜਿਹੜੇ ਤੁਰ ਗਏ, ਉਨ੍ਹਾਂ ਨੂੰ 'ਮਹਾਨ' ਕਹਿ ਆਪਣਾ ਫ਼ਰਜ਼ ਪੂਰਾ ਹੋ ਗਿਆ ਸਮਝ ਲਿਆ ਜਾਂਦੈ।

ਕੁਲਵਿੰਦਰ ਢਿੱਲੋਂ ਦੇ ਭੋਗ ਵੇਲ਼ੇ ਜਿਹੜੇ-ਜਿਹੜੇ ਕਲਾਕਾਰ ਮਾਈਕ ਮੂਹਰੇ ਖੜ੍ਹ ਹੰਝੂ ਸੁੱਟਦੇ ਕਹਿ ਰਹੇ ਸਨ, 'ਅੱਜ ਸਾਡੀ ਬਾਂਹ ਟੁੱਟ ਗਈ ਏ...ਉਹ ਪੰਜਾਬੀ ਗਾਇਕੀ ਦਾ ਹੀਰਾ ਸੀ...ਉਹਦੀ ਘਰਵਾਲੀ ਸਾਡੀ ਭੈਣ ਏ ਤੇ ਪੁੱਤ ਸਾਡਾ ਭਤੀਜਾ...ਅਸੀਂ ਇਨ੍ਹਾਂ ਦੀ ਮੱਦਦ ਲਈ ਸਦਾ ਹਾਜ਼ਰ ਰਹਾਂਗੇ', ਉਨ੍ਹਾਂ 'ਚੋਂ ਸ਼ਾਇਦ ਹੀ ਕੋਈ ਬਾਅਦ 'ਚ ਪੰਡੋਰੀ ਲੱਧਾ ਸਿੰਘ ਜਾ ਬਾਕੀ ਜੀਆਂ ਦਾ ਹਾਲ-ਚਾਲ ਪੁੱਛ ਕੇ ਆਇਆ ਹੋਵੇਗਾ। ਸੁਰਜੀਤ ਬਿੰਦਰਖੀਏ ਦੇ ਭੋਗ ਮੌਕੇ ਕਲਾਕਾਰਾਂ ਤੇ

ਸਿਆਸਤਦਾਨਾਂ ਦਾ ਹੱਦੋਂ ਵੱਧ ਇਕੱਠ ਸੀ। ਸਭ ਨੇ ਬੜੇ ਲੰਮੇ-ਚੌੜੇ ਭਾਸ਼ਣ ਦਿੱਤੇ, ਪਰ ਉਹਦੀ ਦੂਜੀ ਬਰਸੀ ਮੌਕੇ ਪੋਟਿਆਂ 'ਤੇ ਗਿਣੇ ਜਾਣ ਵਾਲੇ ਲੋਕ ਵੀ ਸ਼ਾਮਲ ਨਾ ਹੋਏ। ਜਿਊਂਦੇ ਜੀਅ ਕਾਕਾ ਭੈਣੀਵਾਲਾ ਦੀ ਜਦੋਂ ਵੀ ਗੱਲ ਛਿੜੀ, ਇਹੀ ਸੁਣਿਆ, 'ਦਾਰੂ 'ਚ ਟੁੰਨ ਰਹਿੰਦੈ...ਖੁਦ ਨੂੰ ਸੰਭਾਲਣ ਦੀ ਸੂਝ ਨਹੀਂ ਉਹਨੂੰ...।' ਪਰ ਮੌਤ ਪਿੱਛੋਂ ਉਹੀ ਲੋਕ ਕਹਿਣ ਲੱਗੇ, 'ਉੱਚੀ ਸੁਰ ਵਾਲਾ ਕਮਾਲ ਦਾ ਗਵੱਈਆ ਸੀ ਉਹ...ਜਿਊਂਦਾ ਰਹਿ ਜਾਂਦਾ ਤਾਂ ਫ਼ਲਾਣਿਆਂ-ਫ਼ਲਾਣਿਆਂ ਨੂੰ ਪੜ੍ਹਨੇ ਪਾ ਜਾਂਦਾ...।'

ਲੁਧਿਆਣੇ ਦੇ ਕਈ ਕਲਾਕਾਰਾਂ ਨੂੰ ਗੀਤਕਾਰ ਸਨਮੁਖ ਸਿੰਘ ਅਜ਼ਾਦ ਤੋਂ ਪਾਸਾ ਵੱਟ ਕੇ ਲੰਘਦਿਆਂ ਮੈਂ ਅੱਖੀਂ ਦੇਖਿਆ, ਪਰ ਤੁਰ ਜਾਣ ਪਿੱਛੋਂ ਉਹਨੂੰ 'ਗੀਤਕਾਰੀ ਦਾ ਥੰਮ' ਆਖ ਸ਼ਰਧਾਂਜਲੀ ਦਿੱਤੀ ਜਾਣ ਲੱਗੀ। ਜਿਊਂਦੇ ਜੀਅ ਸੀਤਲ ਸਿੰਘ ਸੀਤਲ ਨੂੰ ਭੰਡਣ ਵਾਲਿਆਂ ਦੀ ਘਾਟ ਨਹੀਂ ਸੀ, ਕਹਿੰਦੇ, 'ਨਾਲ ਗਾਉਣ ਵਾਲੀ 'ਤੇ ਇਤਬਾਰ ਕਰਨਾ ਇਹਨੂੰ ਵਾਪਸ ਕੱਚੇ ਕੋਠਿਆਂ 'ਚ ਲੈ ਆਇਐ...ਕਾਰਾਂ, ਕੋਠੀਆਂ ਭੰਗ ਦੇ ਭਾਣੇ ਗੁਆ ਛੱਡੀਆਂ...', ਪਰ ਤੁਣ ਜਾਣ ਪਿੱਛੋਂ ਉਹੀ ਲੋਕ ਉਹਨੂੰ 'ਰਾਂਗਲਾ ਸੱਜਣ' ਆਖਣ ਲੱਗ ਗਏ।

ਕੇਹੀ ਸੋਚ ਬਣ ਗਈ ਏ ਸਾਡੀ। ਜਿਨ੍ਹਾਂ ਨੂੰ ਜਿਊਂਦਿਆਂ ਪੂਜਣਾ ਚਾਹੀਦੈ, ਸਾਨੂੰ ਉਨ੍ਹਾਂ ਦਾ ਵੀ ਖਿਆਲ ਨਹੀਂ ਤੇ ਜਿਨ੍ਹਾਂ ਨੂੰ ਜਾਣ ਮਗਰੋਂ ਚੇਤੇ ਕਰਨਾ ਚਾਹੀਦੈ, ਉਨ੍ਹਾਂ ਨੂੰ ਪਹਿਲੀ ਬਰਸੀ ਮੌਕੇ ਹੀ ਭੁਲਾਉਣਾ ਸ਼ੁਰੂ ਕਰ ਦਿੰਦੇ ਹਾਂ।

ਕਮਲ ਹੀਰ, ਪੰਮੀ ਬਾਈ ਤੇ ਹਰਭਜਨ ਮਾਨ ਅਕਸਰ ਤੁਰ ਜਾਣ ਵਾਲਿਆਂ ਦੀ ਗਾਇਕੀ-ਗੀਤਕਾਰੀ ਨੂੰ ਦੇਣ ਬਾਰੇ ਗੱਲਾਂ ਕਰਦੇ ਰਹਿੰਦੇ ਨੇ। ਉਨ੍ਹਾਂ ਅੰਦਰਲਾ ਦਰਦ ਮੇਰੇ ਆਪਣੇ ਦਰਦ ਨਾਲ ਮਿਲਦਾ-ਜੁਲਦਾ ਏ। ਚਾਹੀਦਾ ਭਾਵੇਂ ਇਹ ਸੀ ਕਿ ਇਸ ਪੁਸਤਕ ਵਿੱਚ ਉਨ੍ਹਾਂ ਸਾਰੀਆਂ ਅਦਬੀ ਸ਼ਖਸੀਅਤਾਂ ਦੀ ਦੇਣ ਨੂੰ ਚਿਤਵਿਆ ਜਾਂਦਾ, ਜਿਨ੍ਹਾਂ ਪੰਜਾਬੀ ਗਾਇਕੀ, ਗੀਤਕਾਰੀ ਤੇ ਅਦਾਕਾਰੀ 'ਚ ਵਡਮੁੱਲਾ ਯੋਗਦਾਨ ਪਾਇਆ, ਪਰ ਸ਼ਾਮਲ ਸਿਰਫ਼ ਪੰਦਰਾਂ ਹਸਤੀਆਂ ਹੀ ਕੀਤੀਆਂ ਜਾ ਸਕੀਆਂ।

ਸੁਰਿੰਦਰ ਕੌਰ ਦੀ ਮਾਂ ਦੀਆਂ ਲੋਰੀਆਂ ਵਰਗੀ ਗਾਇਕੀ ਠੰਢ ਪਾ ਦਿੰਦੀ ਏ ਤੇ ਆਸਾ ਸਿੰਘ ਮਸਤਾਨਾ ਦਾ ਮਤਵਾਲਾ ਅੰਦਾਜ਼ ਅੱਜ ਵੀ ਝੂਮਣ ਲਾ ਦਿੰਦੈ। ਬਿੰਦਰਖੀਏ ਦੀ ਬੁਲੰਦ ਅਵਾਜ਼ ਸ਼ਾਂਤ ਮਾਹੌਲ ਝੰਜੋੜ ਛੱਡਦੀ ਏ ਤੇ ਗੁਰਮੀਤ ਨਾਗਰੇ ਦੀ ਚਾਣਚੱਕ ਹੋਈ ਮੌਤ ਅੱਜ ਵੀ ਕਈ ਸਵਾਲ ਖੜ੍ਹੇ ਕਰ ਜਾਂਦੀ ਏ। ਕੋਈ ਸ਼ੱਕ ਨਹੀਂ ਕਿ ਸਮਾਂ ਲੰਘਣ ਨਾਲ ਇਨ੍ਹਾਂ ਨੂੰ ਯਾਦ ਕਰਨ ਦਾ ਵਕਤ ਘਟਦਾ ਜਾਵੇਗਾ, ਪਰ ਇਨ੍ਹਾਂ ਦੀ ਸਿਦਕਦਿਲੀ ਦਾ ਮਹੱਤਵ ਸ਼ਾਇਦ ਹੀ ਕਦੇ ਘਟੇ। ਇਨ੍ਹਾਂ

’ਚੋਂ ਅੱਧੀਆਂ ਸ਼ਖਸੀਅਤਾਂ ਉਹ ਨੇ, ਜਿਨ੍ਹਾਂ ਨੂੰ ਮੈਂ ਕਦੇ ਨਹੀਂ ਮਿਲਿਆ, ਬਸ ਮਾਣਿਆ ਹੈ। ਉਨ੍ਹਾਂ ਨੂੰ ਸੁਣ ਇੰਜ ਜਾਪਦੈ ਜਿਵੇਂ ਉਹ ਮੇਰੇ ਵੇਲ਼ੇ ਦੇ ਜਾਂ ਮੈਂ ਉਨ੍ਹਾਂ ਦੇ ਵੇਲ਼ੇ ਦਾ ਹੋਵਾਂ। ਕਈਆਂ ਨਾਲ ਮੇਰਾ ਮੇਲ-ਜੋਲ ਹੁੰਦਾ ਰਿਹੈ, ਦਿਲ ਦੀਆਂ ਗੱਲਾਂ ਸਾਂਝੀਆਂ ਕਰਦੇ ਰਹੇ ਹਾਂ, ਪਰ ਹੁਣ ਸਿਰਫ਼ ਉਨ੍ਹਾਂ ਦੀ ਯਾਦ ਦਾ ਦੀਵਾ ਬਲਦੈ।

ਇਹ ਪੁਸਤਕ ਤੁਰ ਜਾਣ ਵਾਲਿਆਂ ਨੂੰ ਸ਼ਰਧਾਂਜਲੀ ਹੈ ਤੇ ਉਮੀਦ ਹੈ ਕਿ ਜਿਊਂਦੀਆਂ ਜਾਨਾਂ ਦੀ ਕਦਰ ਕਰਨ ਵਾਲੇ ਪੰਜਾਬੀ ਮੋਇਆਂ ਨੂੰ ਏਨੀ ਛੇਤੀ ਭੁੱਲਣ ਦੀ ਗ਼ਲਤੀ ਨਹੀਂ ਕਰਨਗੇ। ਸਰਕਾਰਾਂ ਅੱਗੇ ਅਰਜ਼ੋਈ ਹੈ ਕਿ ਉਹ ਕਲਾਵਾਨਾਂ ਦੀ ਸਾਰ ਲੈਣੀ ਸ਼ੁਰੂ ਕਰਨ। ਸਮੇਂ-ਸਮੇਂ ਹਸਪਤਾਲ ਭਰਤੀ ਕਲਾਵਾਨਾਂ ਦੇ ਸਰਕਾਰੀ ਪੱਧਰ ’ਤੇ ਇਲਾਜ ਦੀ ਮੰਗ ਲਈ ਖ਼ਬਰਾਂ ਛਪਦੀਆਂ ਰਹਿੰਦੀਆਂ ਨੇ, ਜਿਨ੍ਹਾਂ ਨੂੰ ਪੜ੍ਹ ਹੱਦੋਂ ਵੱਧ ਦੁੱਖ ਹੁੰਦੈ। ਵਾਸਤੇ ਪਾ-ਪਾ ਇਲਾਜ ਲਈ ਭਰਵਾਈ ਗਈ ਹਾਮੀ ਕਲਾਵਾਨਾਂ ਦੀ ਇੱਜ਼ਤ ਨਹੀਂ, ਬੇਇੱਜ਼ਤੀ ਦੇ ਤੁਲ ਹੈ, ਜੋ ਨਹੀਂ ਹੋਣੀ ਚਾਹੀਦੀ।

ਉਮੀਦ ਹੈ ਪਾਠਕਾਂ ਨੂੰ ਇਹ ਨਿਗੂਣਾ ਜਿਹਾ ਉੱਦਮ ਪਸੰਦ ਆਵੇਗਾ। ਬਾਕੀ ਸ਼ਖਸੀਅਤਾਂ ਬਾਰੇ ਵੀ ਛੇਤੀ ਲਿਖਣ ਦੀ ਕੋਸ਼ਿਸ਼ ਕਰਾਂਗੇ। ਤੁਹਾਡੇ ਹੁੰਗਾਰੇ ਦੀ ਆਸ ’ਚ...

**- ਸਵਰਨ ਸਿੰਘ ਟਹਿਣਾ**

ਪਿੰਡ ਤੇ ਡਾਕ: ਟਹਿਣਾ,
ਜ਼ਿਲ੍ਹਾ ਫ਼ਰੀਦਕੋਟ।
98141-78883 ਮੋ.

# ਆਸਾ ਸਿੰਘ ਮਸਤਾਨਾ

(1926-1999)

ਆਸਾ ਸਿੰਘ ਮਸਤਾਨਾ ਦਾ ਜ਼ਿਕਰ ਛਿੜਦਿਆਂ ਵਸਮਾ ਲਾਈ, ਘੁੱਟਵੀਂ ਪੱਗ ਬੰਨ੍ਹੀ, ਤਕੜੇ ਸਰੀਰ ਵਾਲਾ ਗੋਲ-ਮਟੋਲ ਸ਼ਖ਼ਸ ਅੱਖਾਂ ਮੂਹਰੇ ਆ ਖੜ੍ਹਦੈ। ਉਹ ਹੌਲੀ-ਹੌਲੀ ਬੋਲਦਾ ਪ੍ਰਤੀਤ ਹੁੰਦੈ, ਥੋੜ੍ਹਾ ਕੁ ਮੂੰਹ ਖੋਲ੍ਹਦੈ ਤੇ ਨੀਵੀਂ ਸੁਰ 'ਚ ਗਾਉਂਦਾ ਸ਼ਾਂਤ ਜਿਹਾ ਮਾਹੌਲ ਸਿਰਜ ਜਾਂਦੈ। ਕਦੇ ਉਸ ਦੀ ਗਾਇਕੀ ਉਦਾਸੀ ਦੇ ਮਾਹੌਲ ਨਾਲ ਜੁੜਦੀ ਏ, ਕਦੇ ਉਹ ਸਾਹਿਤਕ ਗੀਤ ਛੇੜ ਲੈਂਦੈ ਤੇ ਕਦੇ ਗੱਭਰੂਆਂ-ਮੁਟਿਆਰਾਂ ਅੰਦਰਲੇ ਉਬਾਲ ਠੇਠਤਾ ਨਾਲ ਪੇਸ਼ ਕਰਦੈ। ਕਦੇ ਸੁਰਿੰਦਰ ਕੌਰ ਨਾਲ ਸਦਾ ਚੇਤੇ ਰਹਿਣ ਵਾਲੇ ਗੀਤ ਗਾਉਂਦੈ ਤੇ ਕਦੇ ਪ੍ਰਕਾਸ਼ ਕੌਰ ਨਾਲ। ਉਸ ਦਾ ਹਰ ਗੀਤ ਚੇਤੇ 'ਚ ਉੱਤਰਨ ਲੱਗਦੈ, ਜਾਪਦੈ ਹੁਣੇ ਉਹ ਪਾਂਡਾ ਬਣ ਸੁਰਿੰਦਰ ਕੌਰ ਦੇ ਸਵਾਲਾਂ ਦਾ ਜਵਾਬ ਦੇਵੇਗਾ, ਮੁਟਿਆਰ ਦੀ ਨਾਗ ਵਾਂਗ ਵਲ਼ ਖਾਂਦੀ ਗੁੱਤ ਵਿਚਲੇ ਪਰਾਂਦੇ ਦੀ ਬਾਤ ਪਾਵੇਗਾ, ਧੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਦਿਆਂ ਆਖੇਗਾ, 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ...।'

ਮਸਤਾਨੇ ਵਰਗੇ ਫ਼ਨਕਾਰ ਜਦੋਂ-ਜਦੋਂ ਚੇਤੇ ਆਉਂਦੇ ਨੇ, ਉਨ੍ਹਾਂ ਵੱਲੋਂ ਗਾਏ ਸਾਦ-ਮੁਰਾਦੇ ਗੀਤ ਆਪਣੇ ਆਪ ਬੁੱਲ੍ਹਾਂ 'ਤੇ ਆ ਜਾਂਦੇ ਨੇ। ਗੀਤਾਂ 'ਚ ਕੋਈ ਵਲ਼-ਛਲ਼ ਨਹੀਂ ਦਿਸਦਾ, ਕੋਈ ਹੇਰਾਫੇਰੀ ਨਹੀਂ, ਕੋਈ ਭੜਕੀਲਾਪਣ ਨਹੀਂ। ਇੱਕ ਥਾਂ ਪੜ੍ਹਿਆ ਸੀ, 'ਲੇਖਕ ਦੇ ਵਿਅਕਤੀਤਵ ਬਾਰੇ ਉਸ ਦੀਆਂ ਲਿਖਤਾਂ ਤੋਂ ਪਤਾ ਲੱਗ ਜਾਂਦੈ ਤੇ ਗਾਉਣ ਵਾਲੇ ਬਾਰੇ ਉਸਦੇ ਗਾਣਿਆਂ ਤੋਂ...।' ਸੋ ਮਸਤਾਨੇ ਦੇ ਗੀਤ ਸੁਣਿਆਂ ਜਿੱਥੇ ਉਸਦੇ ਵਿਅਕਤੀਤਵ ਦਾ ਅੰਦਾਜ਼ਾ ਲੱਗਦੈ, ਉਥੇ ਉਸ ਦੀ ਤਿਕੜਮ ਮੁਕਤ ਗਾਇਕੀ ਦਾ ਵੀ ਖੁਲਾਸਾ ਹੋ ਜਾਂਦੈ।

ਮਸਤਾਨੇ ਦਾ ਪੋਲਾ-ਪੋਲਾ ਗਾਉਣ ਲੰਮਾ ਸਮਾਂ ਲੋਕਾਂ ਰੱਜ ਕੇ ਮਾਣਿਆ। 'ਐਚ.ਐਮ.ਵੀ' ਦਾ ਉਹ ਸਟਾਰ ਗਾਇਕ ਰਿਹਾ। ਉਸਦੇ ਤਵਿਆਂ ਦੀ ਉਡੀਕ ਹੁੰਦੀ ਸੀ। ਜਦੋਂ ਰਿਕਾਰਡਾਂ ਦਾ ਦੌਰ ਖਤਮ ਹੋ ਗਿਆ ਤਾਂ ਕੰਪਨੀ ਵੱਲੋਂ ਬਾਕੀ ਕਲਾਕਾਰਾਂ ਵਾਂਗ ਉਸਦੇ ਗੀਤਾਂ ਦੀਆਂ ਸੀ.ਡੀਜ਼ ਦਾ ਸੈੱਟ 'ਸੋਲਡ ਗੋਲਡ' ਨਾਂਅ ਹੇਠ ਰਿਲੀਜ਼ ਕੀਤਾ ਗਿਆ।

1926 'ਚ ਜਨਮੇ ਮਸਤਾਨੇ ਨੇ ਪੂਰੀ ਹੱਯਾਤੀ ਸਾਫ਼-ਸੁਥਰਾ ਗਾਇਆ।

ਉਸਦੇ ਗੀਤਾਂ 'ਚੋਂ ਉਮਰ ਦਾ ਤਜਰਬਾ ਵੀ ਝਲਕਦੈ ਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਵੀ। 1999 'ਚ ਆਖਰੀ ਸਾਹਾਂ ਮੌਕੇ ਭਾਵੇਂ ਸੰਗੀਤ ਦਾ ਰੂਪ ਬਦਲ ਚੁੱਕਾ ਸੀ, ਪਰ ਅੱਜ ਜਿੰਨਾ ਨਹੀਂ ਸੀ ਬਦਲਿਆ। ਵਾਰ-ਵਾਰ ਉਸਦੇ ਗੀਤ ਸੁਣਨ 'ਤੇ ਭਾਸਦੈ, ਜਿਵੇਂ ਇਹ ਸਿਰਫ਼ ਉਸੇ ਦੇ ਕੰਠ ਲਈ ਬਣੇ ਸਨ, ਕੋਈ ਹੋਰ ਗਾਉਂਦਾ ਤਾਂ ਬੇਇਨਸਾਫ਼ੀ ਹੋ ਜਾਂਦੀ।

ਮਸਤਾਨੇ ਦੇ ਸਭ ਤੋਂ ਵੱਧ ਮਕਬੂਲ ਗੀਤਾਂ ਵਿੱਚ 'ਇਹ ਮੁੰਡਾ ਨਿਰਾ ਸ਼ਨਿੱਚਰੀ' ਸ਼ਾਮਲ ਹੈ। ਸੁਰਿੰਦਰ ਕੌਰ ਨਾਲ ਗਾਏ ਇਸ ਦੋਗਾਣੇ ਵਿੱਚ ਟਕੋਰਾਂ ਵੀ ਨੇ ਤੇ ਸੇਧ ਵੀ। ਇਸ ਵਿੱਚ ਅੰਧ-ਵਿਸ਼ਵਾਸ ਦੀ ਪੰਡ ਚੁੱਕੀ ਫਿਰਦੀ ਮਨੁੱਖਤਾ ਦੀ ਹਾਲਤ ਪੇਸ਼ ਹੈ ਤੇ ਹੱਥਾਂ ਦੀਆਂ ਲਕੀਰਾਂ 'ਚੋਂ ਭਵਿੱਖ ਲੱਭਦੀ ਲੋਕਾਈ ਨੂੰ ਸਮਝਾਉਣੀਆਂ ਦਿੱਤੀਆਂ ਗਈਆਂ ਨੇ। ਸੁਰਿੰਦਰ ਕੌਰ ਮਾਂ ਵਜੋਂ ਪਾਂਡੇ ਕੋਲੋਂ ਪੁੱਤਰ ਦੇ ਭਵਿੱਖ ਬਾਰੇ ਪੁੱਛਦੀ ਹੈ ਤੇ ਮਸਤਾਨਾ ਪਾਂਡਾ ਬਣ ਉਸਦੇ ਸਵਾਲਾਂ ਦਾ ਜਵਾਬ ਦਿੰਦਾ ਹੈ। ਮਾਂ ਪੁੱਤਰ ਦੇ ਭਵਿੱਖ ਬਾਰੇ 'ਚੰਗਾ' ਸੁਣਨ ਦੀ ਇਛੁੱਕ ਹੈ, ਪਰ ਪਾਂਡਾ ਉਮੀਦਾਂ 'ਤੇ ਪਾਣੀ ਫੇਰਦਾ ਹੈ। ਗੀਤ ਅੱਗੇ ਵਧਦਾ ਹੈ, ਧਾਰਮਿਕ ਮਸਲਿਆਂ 'ਤੇ ਟਕੋਰਾਂ ਕਰਦਾ ਅਖੀਰ ਸੰਦੇਸ਼ਮਈ ਹੋ ਨਿੱਬੜਦਾ ਹੈ ਕਿ ਮਨੁੱਖ ਭਾਵੇਂ ਚੰਨ ਤੱਕ ਪਹੁੰਚ ਗਿਆ, ਪਰ ਵਹਿਮਾਂ-ਭਰਮਾਂ ਦੇ ਚੱਕਰਵਿਊ 'ਚੋਂ ਨਹੀਂ ਨਿਕਲ ਸਕਿਆ। ਸੁਰਿੰਦਰ ਕੌਰ ਦਾ ਸਵਾਲ ਹੈ :

ਪੰਡਤ ਜੀ ਕੀ ਇਹ ਲਾਲ ਮੇਰਾ,
ਮਾਂ ਪਿਓ ਦਾ ਨਾਂਅ ਚਮਕਾਏਗਾ,
ਪ੍ਰਤਾਪ ਸ਼ਿਵਾ ਜੀ ਵਾਂਗੂੰ ਕੀ ਇਹ,
ਭਾਰਤ ਵੀਰ ਕਹਾਏਗਾ...।

ਅੱਗੋਂ ਪਾਂਡਾ ਉਮੀਦਾਂ ਦੀ ਫੱਟੀ ਪੋਚੀ ਜਾਂਦਾ ਹੈ। ਤਨਜ਼ ਵਾਲੇ ਬੋਲ ਹਨ :

ਇਹ ਮੁੰਡਾ ਨਿਰੀ ਸ਼ਨਿੱਚਰੀ,
ਦਿਨ-ਰਾਤ ਪੁਆੜੇ ਪਾਏਗਾ,
ਆਉਂਦੇ-ਜਾਂਦੇ ਨੂੰ ਛੇੜੇਗਾ,
ਭਾਈਏ ਦਾ ਸਿਰ ਪੜਵਾਏਗਾ।

ਘਰ ਦੇ ਭਾਂਡੇ ਵੇਚਣ ਬਾਰੇ ਦੱਸਦਾ-ਦੱਸਦਾ ਪਾਂਡਾ ਹਿੰਦੂ-ਮੁਸਲਿਮ-ਸਿੱਖ-ਈਸਾਈ ਮੁੱਦਾ ਉਭਾਰਦਾ ਹੈ। ਗੀਤ ਦਾ ਹਰ ਅੰਤਰਾ ਨਵਾਂ ਖੁਲਾਸਾ ਕਰਦਾ

ਹੈ ਤੇ ਆਖਰੀ ਅੰਤਰੇ 'ਚ ਦੋਹੇਂ ਧਿਰਾਂ ਇਕਮਤ ਹੁੰਦੀਆਂ ਸਮਾਜ ਨੂੰ ਸੁਨੇਹਾ ਦਿੰਦੀਆਂ ਨੇ, ਜਿਵੇਂ ਫ਼ਿਲਮ 'ਸਮਾਪਤੀ' ਵੇਲ਼ੇ ਚੰਗਿਆਂ ਦੇ ਹੱਕ 'ਚ ਭੁਗਤ ਜਾਂਦੀ ਹੈ। ਅਖੀਰ 'ਤੇ ਭਗਤ ਸਿੰਘ ਦੀ ਕੁਰਬਾਨੀ ਚੇਤੇ ਕਰਦਿਆਂ ਦੁਨੀਆ ਨੂੰ ਹੋਸ਼ ਕਰਨ ਦੀ ਅਪੀਲ ਕੀਤੀ ਜਾਂਦੀ ਏ :

ਓਏ ਭਟਕੇ ਹੋਏ ਜਵਾਨੋ ਇਹ ਕੀ ਫੜ ਲਏ ਚਾਲੇ ਹੋਸ਼ ਕਰੋ,
ਚੰਨ ਤੀਕਰ ਵੀ ਜਾ ਪਹੁੰਚੇ ਨੇ, ਅੱਜ ਦੁਨੀਆ ਵਾਲੇ ਹੋਸ਼ ਕਰੋ।
ਸਹੁੰ ਭਗਤ ਸਿੰਘ ਦੀ ਖਾ ਕੇ ਅੱਜ ਏਨਾ ਹੀ ਕਹਿਣਾ ਏ,
ਨਾ ਰੋਲ਼ੋ ਏਸ ਜਵਾਨੀ ਨੂੰ ਇਹ ਭਾਰਤ ਮਾਂ ਦਾ ਕਹਿਣਾ ਏ।

ਮਸਤਾਨੇ ਨੇ ਬਹੁਗਿਣਤੀ ਦੋਗਾਣੇ ਸੁਰਿੰਦਰ ਕੌਰ ਨਾਲ ਗਾਏ, ਜਿਨ੍ਹਾਂ ਨੂੰ ਮਿਲੇ ਪਿਆਰ ਬਾਰੇ ਬਹੁਤੇ ਵਿਸਥਾਰ 'ਚ ਜਾਣ ਦੀ ਲੋੜ ਨਹੀਂ। ਇਹ ਵੀ ਸੱਚ ਹੈ ਕਿ ਕਈ ਦੋਗਾਣਿਆਂ 'ਚ ਸੁਰਿੰਦਰ ਕੌਰ ਦਾ ਪ੍ਰਭਾਵ ਗੂੜ੍ਹਾ ਰਹਿੰਦਾ ਹੈ ਤੇ ਮਸਤਾਨੇ ਦਾ ਰਤਾ ਘੱਟ। ਮਸਤਾਨੇ ਦਾ ਉਚਾਰਣ ਸ਼ਹਿਰੀਆਂ ਵਾਲਾ ਸੀ, ਜਿਸ ਕਰਕੇ ਉਹ ਵਾਰ-ਵਾਰ 'ਣ' ਨੂੰ 'ਨ' ਆਖਦੈ। ਜਿੱਥੇ-ਜਿੱਥੇ 'ਹਾਨਣੇ' ਸ਼ਬਦ ਆਉਂਦੈ, ਉਹ 'ਹਾਨਨੇ' ਕਹਿੰਦੈ, 'ਪੀਣ' ਨੂੰ 'ਪੀਨ', 'ਦੇਣ' ਨੂੰ 'ਦੇਨ' ਤੇ 'ਵਾਲ਼ਾ' ਨੂੰ 'ਵਾਲਾ'। ਫਿਰ ਵੀ ਗੀਤਾਂ ਵਿਚਲੀ ਸਾਦਗੀ ਤੇ ਸਹਿਜਤਾ ਉਚਾਰਣ ਵੱਲ ਬਹੁਤਾ ਧਿਆਨ ਨਹੀਂ ਜਾਣ ਦਿੰਦੀ।

ਮਸਤਾਨੇ ਦਾ 'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ' ਗੀਤ ਜਗਤ ਪ੍ਰਸਿੱਧ ਹੈ। ਗੀਤ ਪੇਸ਼ ਕਰਦਿਆਂ ਮਸਤਾਨਾ ਜਵਾਨੀ 'ਚ ਚਲਾ ਗਿਆ ਪ੍ਰਤੀਤ ਹੁੰਦੈ। ਗਿੱਧੇ 'ਚ ਨੱਚਦੀ ਸੱਪ ਵਾਂਗ ਫੁੰਕਾਰੇ ਮਾਰਦੀ ਗੁੱਤ ਵਾਲੀ ਮੁਟਿਆਰ ਖਿਆਲਾਂ 'ਤੇ ਡੋਰੇ ਪਾਉਣ ਲੱਗਦੀ ਏ। ਉਹ ਮੁਟਿਆਰ ਦੇ ਹੁਸਨ ਦੀ ਬੜੇ ਕਲਾਤਮਕ ਢੰਗ ਨਾਲ ਤਾਰੀਫ਼ ਕਰਦਾ ਏ। ਗੁੱਤ ਦੀ ਗੱਲ ਕਰਦਿਆਂ ਮੁਟਿਆਰ ਨੂੰ ਵਿਰਸੇ ਨਾਲ ਜੁੜੇ ਰਹਿਣ ਦਾ ਸੁਨੇਹਾ ਦਿੰਦੈ ਤੇ ਉਸ ਵੱਲੋਂ ਖੇਤਾਂ ਦੇ ਨਾਲ-ਨਾਲ ਚੁੱਲ੍ਹੇ-ਚੌਂਕੇ 'ਚ ਨਿਭਾਈ ਜਾਂਦੀ ਭੂਮਿਕਾ ਬਾਰੇ ਵੀ ਦੱਸਿਆ ਜਾਂਦੈ। ਬੋਲ ਹਨ :

ਧੀਏ ਨੀਂ ਪੰਜਾਬ ਦੀਏ, ਗਿੱਧਿਆਂ ਦੀ ਰਾਣੀ ਤੂੰ,
ਖੇਤਾਂ ਦੀ ਬਹਾਰ ਏਂ ਤੇ ਚੌਂਕੇ ਦੀ ਸੁਆਣੀ ਤੂੰ।
ਪਿਆਰ ਦੀ ਪੁਜਾਰਨੇ, ਪਿਆਰਾਂ ਦਾ ਸਵਾਲ ਨੀਂ,
ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ।

ਮਸਤਾਨੇ ਦੇ ਕਈ ਗੀਤ ਮਜ਼ਾਹੀਆ ਹਨ। ਲੰਘੇ ਵੇਲ਼ੇ ਕਈ ਗਾਇਕਾਂ

ਇਹ ਵੰਨਗੀ ਪੇਸ਼ ਕੀਤੀ, ਜਿਸ ਨੂੰ ਸਰੋਤਿਆਂ ਖ਼ੂਬ ਹੁੰਗਾਰਾ ਦਿੱਤਾ। ਇਹ ਗੀਤ ਸ਼ਖ਼ਸੀਅਤ ’ਤੇ ਸੱਟ ਮਾਰਨ ਦੀ ਥਾਂ ਕਲਾਕਾਰ ਦੀ ਬਹੁਪੱਖੀ ਪ੍ਰਤਿਭਾ ’ਤੇ ਚਾਨਣ ਪਾਉਂਦੇ ਨੇ। ਲੱਖੀ ਵਣਜਾਰਾ ਨੇ ਵੀ ਕਿਸੇ ਵੇਲ਼ੇ ‘ਜੇਠ ਦੀ ਨਜ਼ਰ ਬੁਰੀ ਗੋਡਿਆਂ ਪਰਨੇ ਪਈ’ ਗੀਤ ਗਾਇਆ ਸੀ, ਦਲੀਪ ਸਿੰਘ ਦੀਪ ਤੇ ਕਈ ਹੋਰਾਂ ਨੇ ਵੀ। ਇਨ੍ਹਾਂ ਗੀਤਾਂ ਜ਼ਰੀਏ ਮਸਤਾਨੇ ’ਤੇ ਟਕੋਰਾਂ ਹੋਈਆਂ ਨੇ, ਪਰ ਉਹ ਹਰ ਗੱਲ ਦਾ ਤਰਕ ਨਾਲ ਜਵਾਬ ਦਿੰਦਾ ਏ। ਸੁਰਿੰਦਰ ਕੌਰ ਨਾਲ ਗਾਏ ਇਨ੍ਹਾਂ ਟੱਪਿਆਂ ਅਤੇ ਬੋਲੀਆਂ ’ਚ ਇੱਕ-ਦੂਜੇ ’ਤੇ ਵਿਅੰਗ ਕਸੇ ਗਏ ਹਨ। ਵੰਨਗੀ ਦੇਖੋ :

**ਸੁਰਿੰਦਰ ਕੌਰ** : ਖੂਹ ਰੂ-ਰੂ ਗਿੜਦਾ ਏ,
‘ਮਸਤਾਨਾ’ ਇਉਂ ਤੁਰਦੈ,
ਜਿਵੇਂ ਕੱਦੂ ਪਿਆ ਰਿੜ੍ਹਦਾ ਏ।
**ਮਸਤਾਨਾ** : ਮੇਰੀ ਰਾਮ ਦੁਹਾਈ ਏ,
ਤੇਰਾ ਗ਼ਮ ਪੀ-ਪੀ ਕੇ
ਨੀਂ ਇਹ ਗੋਗੜ ਵਧਾਈ ਏ।

ਏਸੇ ਤਰ੍ਹਾਂ ਇੱਕ ਹੋਰ ਦੋਗਾਣੇ ਵਿੱਚ ਉਹ ਸੁਰਿੰਦਰ ਕੌਰ ਨਾਲ ਮਖੌਲ ਕਰਦਾ ਏ। ਸੁਰਿੰਦਰ ਕੌਰ ਨਖਰੀਲੀ ਮੁਟਿਆਰ ਦੇ ਰੂਪ ’ਚ ਉਸ ਕੋਲੋਂ ਪਰਸ, ਸੈਂਡਲ ਤੇ ਹੋਰ ਚੀਜ਼ਾਂ ਮੰਗਦੀ ਏ, ਪਰ ਉਹ ਹਰ ਗੱਲ ਨੂੰ ਮਜ਼ਾਕ ’ਚ ਲੈਂਦਾ ਏ। ਬਹੁਤ ਘੱਟ ਗਾਇਕ ਹੋਏ, ਜਿਨ੍ਹਾਂ ਮਸਤਾਨੇ ਵਾਂਗ ‘ਖ਼ੁਦ’ ’ਤੇ ਹੁੰਦੀ ਟਕੋਰ ਦਾ ਬੁਰਾ ਮੰਨਣ ਦੀ ਥਾਂ ਇਸ ਨੂੰ ਮਨੋਰੰਜਨ ਦੇ ਅਨਿੱਖੜਵੇਂ ਅੰਗ ਵਜੋਂ ਮਾਨਤਾ ਦਿਵਾਈ। ਹਾਸੇ ਦੀ ਮੰਡੀ ’ਚ ਭਾਵੇਂ ਕੱਦ, ਸੁਭਾਅ, ਪਹਿਰਾਵੇ ਤੇ ਵਿਅਕਤੀਤਵ ਨਾਲ ਜੁੜੀਆਂ ਗੱਲਾਂ ਬਾਰੇ ਬਹੁਤ ਕੁੱਝ ਕਿਹਾ ਜਾਂਦੈ, ਪਰ ਗਾਇਕੀ ਵਿੱਚ ਵਿਰਲੇ-ਟਾਂਵੇਂ ਨਮੂਨੇ ਦੇਖਣ ਨੂੰ ਮਿਲਦੇ ਨੇ :

**ਸੁਰਿੰਦਰ ਕੌਰ** : ਮੰਨ ਜਾ ਬਾਲਮਾਂ ਕਿਉਂ ਗੁੱਸਾ ਚੜ੍ਹਿਆ ਈ ਓਏ,
ਵੇ ‘ਮਸਤਾਨਿਆ’, ਵੇ ਰੁੜ-ਫੁੜ ਜਾਣਿਆ,
ਕਿਉਂ ਬੂਥਾ ਸੜਿਆ ਈ ਓਏ।
**ਮਸਤਾਨਾ** : ਫ਼ੈਸ਼ਨ ਵੇਖ ਕੇ ਉਲਟਾ ਤੇਰਾ ਨੀਂ,
ਕੁੜਤਾ ਪਾਟ ਗਿਆ ਗੁੱਸੇ ਵਿੱਚ ਮੇਰਾ ਨੀਂ।

ਹੋਰ ਗੀਤ ਗਾਉਣ ਦੇ ਨਾਲ-ਨਾਲ ਮਸਤਾਨੇ ਨੇ ਸਾਹਿਤਕ ਗੀਤਾਂ ਦੀ ਪੇਸ਼ਕਾਰੀ ਵੀ ਵਧੀਆ ਢੰਗ ਨਾਲ ਕੀਤੀ। ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਨੂੰ

ਉਸ ਦੀ ਅਵਾਜ਼ ਏਨੀ ਜੱਚੀ ਕਿ ਅੱਜ ਵੀ ਲੋਕ 'ਤੈਨੂੰ ਦਿਆਂ ਹੰਝੂਆਂ ਦਾ ਭਾੜਾ' ਤੇ 'ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ' ਗੀਤਾਂ ਨੂੰ ਚੇਤੇ ਕਰਦੇ ਰਹਿੰਦੇ ਨੇ।

ਮਸਤਾਨੇ ਦੇ 'ਸਾਉਣ ਦਾ ਮਹੀਨਾ ਆ ਗਿਆ', 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ', 'ਨਿੱਕੀ ਜਿੰਨੀ ਗੱਲ ਦਾ ਖਿਲਾਰ ਪੈ ਗਿਆ', 'ਨਾਨੀ ਯਾਦ ਆਊਗੀ, ਜਦੋਂ ਪੇਕੇ ਤੁਰ ਜਾਏਂਗੀ', 'ਮੈਨੂੰ ਲੋਕਾਂ ਦਿੱਤੀ ਵਧਾਈ ਕਾਕਾ ਜੰਮ ਪਿਆ' ਸਮੇਤ ਦਰਜਨਾਂ ਹੋਰ ਗੀਤ ਲੋਕਾਂ ਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਨੇ।

ਜਲੰਧਰ ਦੂਰਦਰਸ਼ਨ 'ਤੇ ਕਦੇ-ਕਦਾਈਂ ਹਾਲੇ ਵੀ ਮਸਤਾਨੇ ਦੇ ਗੀਤ ਸੁਣੀਂਦੇ ਨੇ, ਜਿਨ੍ਹਾਂ 'ਚ ਬਹੁਤੀ ਵਾਰ ਉਹ ਬੈਠ ਕੇ ਗਾ ਰਿਹਾ ਹੁੰਦੈ। ਬੈਠ-ਖੜ੍ਹ ਦੋਹੇਂ ਤਰ੍ਹਾਂ ਗਾਉਣ ਵਾਲਾ ਕਲਕਾਰ ਹੀ ਗਾਇਕੀ ਦੇ ਹਰ ਰੰਗ 'ਚ ਮਾਹਰ ਹੁੰਦੈ। ਪਹਿਲਾਂ ਵੀ ਤੇ ਹੁਣ ਵੀ ਬਹੁਤ ਘੱਟ ਕਲਾਕਾਰ ਇਸ ਤਰ੍ਹਾਂ ਗਾਉਣ ਦੇ ਸਮਰੱਥ ਹਨ।

ਮਸਤਾਨਾ ਭਾਵੇਂ ਸਾਡੇ ਦਰਮਿਆਨ ਨਹੀਂ, ਪਰ ਉਸ ਦੀ 'ਮਸਤਾਨੀ' ਗਾਇਕੀ ਕੰਨਾਂ ਨੂੰ ਸਵਾਦ ਗੜੂੰਦ ਕਰਦੀ ਰਹਿੰਦੀ ਹੈ। ਉਸਦੇ ਬੋਲ ਰੂਹ ਨੂੰ ਚੰਗੇ ਲੱਗਦੇ ਨੇ, ਖਰੂਦਮਈ ਗੀਤਾਂ ਤੋਂ ਅੱਕਿਆਂ ਨੂੰ ਟੁੰਬਦੇ ਨੇ। ਵਪਾਰ ਦਾ ਅਧਾਰ ਵੀ ਗੁਆਉਂਦੀ ਜਾ ਰਹੀ ਅਜੋਕੀ ਗਾਇਕੀ 'ਚੋਂ ਮਸਤਾਨੇ ਦੇ ਗੀਤਾਂ ਵਰਗਾ ਸੁਥਰਾਪਣ ਲੱਭ ਸਕਣਾ ਬਹੁਤ ਮੁਸ਼ਕਲ ਹੈ।

# ਅਮਰ ਸਿੰਘ ਚਮਕੀਲਾ

**(1960-1988)**

ਅਮਰ ਸਿੰਘ ਚਮਕੀਲਾ ਨੂੰ ਵਿਦਾ ਹੋਇਆਂ ਦੋ ਦਹਾਕੇ ਤੋਂ ਵੱਧ ਹੋ ਗਏ ਨੇ। ਬੜਾ ਦਮ ਸੀ ਉਹਦੀ ਅਵਾਜ਼ 'ਚ ਤੇ ਬੜੇ ਕਟਾਖਸ਼ ਕਰਦੀ ਸੀ ਉਹਦੀ ਕਲਮ। ਕਦੇ-ਕਦੇ ਜਾਪਦੈ ਕਿ ਜਿਹੋ ਜਿਹੇ ਮਿੱਠੇ-ਸਲੂਣੇ ਗੀਤ ਉਸ ਨੇ ਲਿਖੇ, ਉਨ੍ਹਾਂ ਨਾਲ ਨਿਭਾਅ ਸਿਰਫ਼ ਉਹੀ ਕਰ ਸਕਦਾ ਸੀ। ਉਹਨੂੰ ਤੇ ਉਸ ਦੀ ਸਾਥਣ ਅਮਰਜੋਤ ਨੂੰ ਜਿਊਂਦੇ ਜੀਅ ਅਲੋਚਨਾ ਤੇ ਪਿਆਰ ਬਰਾਬਰ ਮਿਲਿਆ, ਜਿਵੇਂ ਇੱਕ ਦੀ ਝੋਲੀ ਮੁਹੱਬਤ ਦੀ ਚਾਸ਼ਣੀ ਨਾਲ ਭਰੀ ਹੋਵੇ ਤੇ ਦੂਜੇ ਦੀ ਅਲੋਚਨਾ ਨਾਲ।

ਚਮਕੀਲੇ ਦੀ ਗਾਇਕੀ ਨੂੰ ਗ਼ਲਤ ਕਹਿਣ ਵਾਲੇ ਆਖਦੇ ਨੇ, 'ਉਹਨੂੰ ਸੰਸਾਰ ਤੋਂ ਇਸ ਕਰਕੇ ਤੋਰਿਆ ਗਿਆ, ਕਿਉਂਕਿ ਉਹਨੇ ਗਾਇਕੀ ਜ਼ਰੀਏ ਰਿਸ਼ਤਿਆਂ ਦੀ ਪੱਤ ਰੋਲ ਦਿੱਤੀ ਸੀ...ਸਾਰੇ ਪਰਦੇ ਲਾਹ ਛੱਡੇ ਸਨ...ਢਕੀਆਂ ਗੱਲਾਂ ਤੋਂ ਪਰਦਾ ਚੁੱਕ ਦਿੱਤਾ ਸੀ...ਜੇ ਉਹਨੂੰ ਨਾ ਮਾਰਿਆ ਜਾਂਦਾ ਤਾਂ ਉਹਨੇ ਲੀੜੇ ਲੁਹਾਉਣ ਦਾ ਕੰਮ ਸ਼ੁਰੂ ਕਰ ਦੇਣਾ ਸੀ ਤੇ ਪੰਜਾਬੀ ਗਾਇਕੀ ਦੀ ਮਰਿਆਦਾ ਤਾਰ-ਤਾਰ ਹੋ ਜਾਣੀ ਸੀ।'

ਉਸ ਨੂੰ ਪਿਆਰ ਕਰਨ ਵਾਲਿਆਂ ਦਾ ਆਪਣਾ ਤਰਕ ਹੈ, 'ਉਹਨੇ ਜੋ ਗਾਇਆ, ਗੱਡਵਾਂ ਗਾਇਆ...ਨਾ ਉਹਦੇ ਵਰਗੀਆਂ ਤਰਜ਼ਾਂ ਕੋਈ ਬਣਾ ਸਕਦੈ...ਨਾ ਲਿਖ ਸਕਦੈ...ਨਾ ਹੀ ਉਹਦੇ ਵਾਂਗ ਗਾ ਕੇ ਦੋਗਾਣਿਆਂ ਦਾ ਬਾਦਸ਼ਾਹ ਬਣ ਸਕਦੈ..।' ਚਾਹੁਣ ਵਾਲਿਆਂ ਦਾ ਤਾਂ ਇੱਥੋਂ ਤੱਕ ਆਖਣੈ, 'ਉਹ ਕਿਸਮਤ ਦਾ ਧਨੀ ਸੀ...ਜਦੋਂ ਉਹਨੇ ਸੁਰਿੰਦਰ ਸੋਨੀਆ ਨਾਲ ਗਾਇਆ, ਉਦੋਂ ਹੀ ਛਾਅ ਗਿਆ ਤੇ ਜਦੋਂ ਅਮਰਜੋਤ ਨਾਲ ਜੋੜੀ ਬਣੀ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਈ...ਜੇ ਉਹਨੂੰ ਮਾਰਿਆਂ ਅਸ਼ਲੀਲਤਾ ਮੁੱਕਦੀ ਤਾਂ ਅੱਜ ਦੇ ਗਾਇਕ ਨੰਗ-ਧੜੰਗੇ ਵੀਡੀਓ ਨਾ ਬਣਾਉਂਦੇ...ਰੈਪ ਦੇ ਨਾਂਅ 'ਤੇ ਸ਼ਰੇਆਮ ਅਸ਼ਲੀਲ ਬੋਲਾਂ ਨੂੰ 'ਯੂ ਟਿਊਬ' 'ਤੇ ਪਾਉਣ ਦਾ ਹੌਸਲਾ ਨਾ ਹੁੰਦਾ...ਮਾੜਾ ਲਿਖਣ-ਗਾਉਣ ਵਾਲੇ ਆਲੋਚਕਾਂ ਨੂੰ ਅੱਖਾਂ ਨਾ ਦਿਖਾਉਂਦੇ...।'

ਦੋਹੇਂ ਧਿਰਾਂ ਆਪੋ-ਆਪਣੀ ਥਾਂ ਠੀਕ ਹਨ। ਜਿਹੜੇ ਉਸ ਨੂੰ ਜਿਊਂਦੇ ਜੀਅ ਪਿਆਰ ਕਰਦੇ ਸਨ, ਉਹ ਅੱਜ ਵੀ ਉਸੇ ਨੂੰ 'ਦੋਗਾਣਾ ਕਿੰਗ' ਮੰਨਦੇ ਨੇ ਤੇ

ਜਿਹੜੇ ਕੱਲ੍ਹ ਉਸ ਨੂੰ ਨਫ਼ਰਤ ਕਰਦੇ ਸਨ, ਉਹ ਅੱਜ ਵੀ ਉਸ ਦੇ ਹੱਕ 'ਚ ਨਹੀਂ। ਹਰ ਕਿਸੇ ਦਾ ਸੁਣਨ ਸਵਾਦ ਵੱਖਰਾ ਹੈ, ਪਸੰਦ ਅੱਡਰੀ ਹੈ। ਪਰ ਇਹ ਸੱਚ ਹੈ ਕਿ ਉਸ ਦੀਆਂ ਕੈਸਿਟਾਂ ਅੱਜ ਵੀ ਨਵੇਂ ਕਲਾਕਾਰਾਂ ਨਾਲੋਂ ਕਈ ਗੁਣਾ ਵੱਧ ਵਿਕਦੀਆਂ ਨੇ। ਚਮਕੀਲੇ ਦੀਆਂ ਕੈਸਿਟਾਂ ਰਿਲੀਜ਼ ਕਰਨ ਵਾਲੀਆਂ ਕੰਪਨੀਆਂ ਦਾ ਕਹਿਣੈ, 'ਅਸੀਂ ਜਦੋਂ ਤੋਂ ਪੰਜਾਬੀ ਸੰਗੀਤ ਮੰਡੀ 'ਚ ਉੱਤਰੇ, ਸਾਡੇ ਲਈ ਸਭ ਤੋਂ ਲਾਹੇਵੰਦੀ ਜੋੜੀ ਚਮਕੀਲਾ-ਅਮਰਜੋਤ ਦੀ ਰਹੀ। ਸੁਣਨ ਵਾਲਿਆਂ ਨੂੰ ਉਹਦੇ ਗੀਤ ਤੱਤੇ ਪਕੌੜਿਆਂ ਵਰਗੇ ਲੱਗੇ, ਕਿਸੇ ਨੂੰ ਉਹਦੀਆਂ ਤਸ਼ਬੀਹਾਂ ਜਲੇਬੀਆਂ ਵਰਗੀਆਂ ਜਾਪੀਆਂ ਤੇ ਕਿਸੇ ਨੂੰ ਰਿਸ਼ਤਿਆਂ 'ਚ ਜ਼ਹਿਰ ਘੋਲਣ ਵਾਲੀਆਂ।'

ਧਿਆਨ ਖਿੱਚਣ ਵਾਲੀ ਗੱਲ ਹੈ ਕਿ ਅਣਗਿਣਤ ਗਾਇਕਾਂ ਉਸਦੇ ਤੁਰ ਜਾਣ ਪਿਛੋਂ ਉਸੇ ਵਾਂਗ ਪਾਰੀ ਖੇਡਣ ਦੀ ਕੋਸ਼ਿਸ਼ ਕੀਤੀ, ਪਰ ਪੱਲੇ ਕੱਖ ਨਾ ਪਿਆ। ਉਨ੍ਹਾਂ ਚਮਕੀਲਾ ਬਣਨ ਦੀਆਂ ਜੁਗਤਾਂ ਘੜੀਆਂ ਕਿ 'ਗ਼ਰਮ' ਗਵੱਈਏ ਵਾਲੀ ਫ਼ੀਤੀ ਆਪਣੇ ਮੋਢਿਆਂ 'ਤੇ ਲਾ ਲਈ ਜਾਵੇ, ਪਰ ਸਧਰਾਂ ਨੂੰ ਬੂਰ ਨਾ ਪਿਆ।

ਗੱਲ ਤਰਕ ਨਾਲ ਕਰਨੀ ਹੋਵੇ ਤਾਂ ਸੱਚ ਹੈ ਕਿ ਚਮਕੀਲੇ ਨੇ ਜੋ ਗਾਇਆ, ਲੋਕਾਂ ਪ੍ਰਵਾਨ ਕੀਤਾ। ਉਸ ਵਿੱਚ ਕੋਈ ਕਲਾ ਤਾਂ ਸੀ ਕਿ ਉਹ 'ਕੱਲਾ ਹੀ ਪੂਰੇ ਪੰਜਾਬ ਨੂੰ ਮਗਰ ਲਾਈ ਫਿਰਦਾ ਰਿਹਾ। ਉਸਦੇ ਲਿਖਣ-ਗਾਉਣ 'ਚ ਕੁੱਝ ਤਾਂ ਅਜਿਹਾ ਸੀ, ਜਿਸ ਨੇ ਹਰ ਕਿਸੇ ਦਾ ਧਿਆਨ ਖਿੱਚਿਆ। ਬਹੁਤੀ ਵਾਰ ਅਸੀਂ ਸਿਰਫ਼ ਗਾਉਣ ਵਾਲੇ ਨੂੰ ਕਸੂਰਵਾਰ ਮੰਨਦੇ ਹਾਂ, ਸੁਣਨ ਵਾਲਿਆਂ ਨੂੰ ਨਹੀਂ। ਜੇ ਉਹ ਕਸੂਰਵਾਰ ਸੀ, ਤਾਂ ਕੀ ਉਹ ਕਸੂਰਵਾਰ ਨਹੀਂ, ਜਿਹੜੇ ਉਸ ਦੀਆਂ ਕੈਸਿਟਾਂ ਖਰੀਦਦੇ ਸਨ ?

ਜਦੋਂ ਚਮਕੀਲੇ ਨੇ ਗਾਇਕੀ 'ਚ ਪੈਰ ਧਰਿਆ, ਉਦੋਂ ਮੁਕਾਬਲਾ ਅੱਜ ਨਾਲੋਂ ਘੱਟ ਨਹੀਂ ਸੀ। ਵੱਡੇ-ਵੱਡੇ ਗਾਇਕਾਂ ਨਾਲ ਉਸ ਦੀ ਟੱਕਰ ਸੀ। ਇੱਕ ਪਾਸੇ ਉਹ ਸਨ, ਜਿਨ੍ਹਾਂ ਦੀ ਦੀਦ ਲਈ ਲੋਕ ਤਰਸਦੇ ਸਨ ਤੇ ਦੂਜੇ ਪਾਸੇ ਉਹ, ਜਿਹੜੇ ਸੰਘਰਸ਼ ਦੀ ਭੱਠੀ 'ਚ ਤਪ ਰਹੇ ਸਨ। ਚਮਕੀਲਾ ਸੰਘਰਸ਼ ਦਾ ਸੇਕ ਸਹਿ ਰਿਹਾ ਸੀ। ਸੁਰਿੰਦਰ ਸ਼ਿੰਦਾ ਤੇ ਸੁਰਿੰਦਰ ਸੋਨੀਆ ਦੀ ਗੁੱਡੀ ਚੜ੍ਹੀ ਹੋਈ ਸੀ ਤੇ ਚਮਕੀਲਾ ਇਨ੍ਹਾਂ ਨਾਲ ਪ੍ਰੋਗਰਾਮਾਂ 'ਤੇ ਜਾਂਦਾ ਸੀ। ਉਹ ਅੱਗੇ ਵਧਣਾ ਚਾਹੁੰਦਾ ਸੀ, ਪਰ ਮੌਕਾ ਨਹੀਂ ਸੀ ਮਿਲ ਰਿਹਾ। ਉਸ ਨੂੰ ਜੋ ਮਿਲਦਾ, ਉਸੇ ਨਾਲ ਸਾਰੀ ਜਾਂਦਾ। ਜਿਸ ਕਦਰ ਉਸ ਦਾ ਪਹਿਲਾ ਰਿਕਾਰਡ ਮਕਬੂਲ ਹੋਇਆ, ਉਸੇ ਤੋਂ ਅੰਦਾਜ਼ਾ ਲੱਗ ਜਾਂਦੈ ਕਿ ਉਹ ਜਾਣਦਾ ਸੀ ਕਿ ਕਾਮਯਾਬ ਕਿਵੇਂ ਹੋਇਆ ਜਾ ਸਕਦੈ, ਪੈਂਦੀ ਸੱਟੇ ਲੋਕਾਂ ਨੂੰ

ਆਪਣੇ ਵੱਲ ਕਿਵੇਂ ਖਿੱਚਿਆ ਜਾ ਸਕਦੈ ? ਜਿਸ ਤਰ੍ਹਾਂ ਦੇ ਗੀਤ ਉਹਨੇ ਗਾਏ, ਉਹ ਪਹਿਲੀ ਵਾਰ ਨਹੀਂ ਸੀ ਆਏ। ਉਸ ਤੋਂ ਪਹਿਲਾਂ ਵੀ ਤੇ ਬਾਅਦ 'ਚ ਵੀ ਦੋ ਅਰਥੇ ਗੀਤਾਂ ਦਾ ਦੌਰ ਚੱਲਦਾ ਰਿਹਾ। ਜਦੋਂ ਸ਼ਿੰਦੇ ਦੀ ਸੋਨੀਆ ਨਾਲੋਂ ਟੁੱਟ ਗਈ ਤਾਂ ਚਮਕੀਲਾ, ਸੋਨੀਆ ਨਾਲ ਜਾ ਰਲਿਆ। ਦੋਹਾਂ 'ਕੱਠਿਆਂ ਗਾਉਣਾ ਸ਼ੁਰੂ ਕੀਤਾ ਤੇ ਪਹਿਲਾ ਰਿਕਾਰਡ ਮਾਰਕੀਟ 'ਚ ਆ ਗਿਆ, 'ਟਕੂਏ 'ਤੇ ਟਕੂਆ ਖੜਕੇ।'

ਜਗ ਜਾਣਦੈ ਕਿ ਇਸ ਰਿਕਾਰਡ ਨੇ ਕਿੰਨੀ ਮਕਬੂਲੀਅਤ ਹਾਸਲ ਕੀਤੀ। ਉਸ ਤੋਂ ਬਾਅਦ ਸਫ਼ਲਤਾ ਦੇ ਨਸ਼ੇ 'ਚ, ਅਣਜਾਣਪੁਣੇ 'ਚ ਜਾਂ ਘੱਟ ਸੂਝ ਕਾਰਨ ਚਮਕੀਲੇ ਨੇ ਆਟੇ ਵਾਂਗ ਗੁੰਨਣ ਤੇ ਭੈਣ ਦੀਆਂ ਨਣਾਨਾਂ ਦਾ ਕੰਡਾ ਕੱਢਣ ਵਰਗੇ ਅਜਿਹੇ ਗੀਤ ਗਾਏ, ਜਿਨ੍ਹਾਂ ਉਸ ਦੀ ਝੋਲੀ ਬਦਨਾਮੀ ਨਾਲ ਭਰ ਦਿੱਤੀ। ਇਹ ਕਹਿਣਾ ਸਹੀ ਹੈ ਕਿ ਇਹੋ ਜਿਹੇ ਗੀਤ ਉਸ ਨੂੰ ਨਹੀਂ ਗਾਉਣੇ ਚਾਹੀਦੇ ਸਨ, ਹੱਦਬੰਦੀ 'ਚ ਰਹਿਣਾ ਚਾਹੀਦਾ ਸੀ। ਹਾਲਾਂਕਿ ਚਮਕੀਲੇ ਦੇ ਹਾਣੀਆਂ ਦਾ ਕਹਿਣੈ, 'ਉਦੋਂ ਕੰਪਨੀਆਂ ਰਿਕਾਰਡ ਹੀ ਉਸ ਨੂੰ ਕਰਦੀਆਂ ਸਨ, ਜਿਹੜਾ ਉਨ੍ਹਾਂ ਦੇ ਕਹੇ ਮੁਤਾਬਕ ਚੱਲੇ। ਜਿਹੜੇ ਗੱਲ ਮੰਨ ਲੈਂਦੇ, ਉਹ ਸਫ਼ਲ ਹੋ ਜਾਂਦੇ ਤੇ ਜਿਹੜੇ ਨਾਂਹ-ਨੁੱਕਰ ਕਰਦੇ, ਉਹ 'ਗੁਸਲਖਾਨਾ ਗਾਇਕ' ਬਣ ਕੇ ਰਹਿ ਜਾਂਦੇ।'

ਚਮਕੀਲੇ ਨੇ ਮਜਬੂਰੀ ਵੱਸ ਜਾਂ ਚਸਕੇ ਖਾਤਰ ਇਹ ਗੀਤ ਗਾਏ, ਇਹ ਕੰਪਨੀ ਜਾਣਦੀ ਹੋਵੇਗੀ ਜਾਂ ਉਹ ਖੁਦ, ਪਰ ਜਗ ਇਹ ਵੀ ਜਾਣਦੈ ਕਿ ਜਦੋਂ ਉਸ ਨੇ ਧਾਰਮਿਕ ਗਾਇਕੀ 'ਚ ਪੈਰ ਧਰਿਆ, ਮੁੜ ਓਨਾ ਤਹਿਲਕਾ ਮੱਚਿਆ, ਜਿੰਨਾ 'ਪਹਿਲੇ ਲਲਕਾਰੇ ਨਾਲ ਮੈਂ ਡਰਗੀ' ਵੇਲੇ ਮੱਚਿਆ ਸੀ। ਜਦੋਂ ਉਸਨੇ 'ਤਲਵਾਰ ਮੈਂ ਕਲਗੀਧਰ ਦੀ ਹਾਂ' ਗਾਇਆ ਤਾਂ ਸਭ ਧੋਣੇ ਧੋਤੇ ਗਏ। ਉਸ ਨੂੰ ਅਸ਼ਲੀਲ ਗੀਤਾਂ ਦਾ ਗਾਇਕ ਕਹਿਣ ਵਾਲਿਆਂ ਨੂੰ ਸਮਝ ਪੈ ਗਈ ਕਿ ਇਹ ਬੰਦਾ ਕਲਾਵਾਨ ਹੈ, ਜਿਸ ਤਰ੍ਹਾਂ ਦਾ ਗਾਉਣਾ ਸ਼ੁਰੂ ਕਰਦੈ, ਕਮਾਲ ਕਰ ਛੱਡਦੈ।

ਮਾੜੇ ਗੀਤ ਗਾਉਣ ਬਦਲੇ ਉਸਨੇ ਮਾਫ਼ੀ ਵੀ ਮੰਗ ਲਈ ਕਿ ਅੱਗੇ ਤੋਂ ਅਜਿਹਾ ਨਹੀਂ ਹੋਵੇਗਾ...ਸਿਰਫ਼ ਉਹੀ ਗਾਵਾਂਗਾ, ਜਿਹੜਾ ਪਰਿਵਾਰ 'ਚ ਬੈਠ ਕੇ ਸੁਣਨ ਕਾਬਲ ਹੋਵੇ। ਜਦੋਂ ਚੰਗਾ ਗਾਉਣ ਦਾ ਪ੍ਰਣ ਕਰ ਲਿਆ ਤਾਂ ਕੰਪਨੀ ਵਾਲਿਆਂ ਪਹਿਲਾਂ ਰਿਕਾਰਡ ਹੋਏ ਗੀਤਾਂ ਨੂੰ ਨਵੇਂ ਸਿਰਿਓਂ ਮਾਰਕੀਟ 'ਚ ਭੇਜ ਦਿੱਤਾ ਤੇ ਸੱਭਿਆਚਾਰ ਦੀ ਅਣਖ ਬਚਾਉਣ ਵਾਲਿਆਂ ਇਸ ਨੂੰ ਹੁਕਮ ਅਦੂਲੀ ਸਮਝਦਿਆਂ ਉਸ ਦਾ ਟੰਟਾ ਮੁਕਾਉਣ ਦੀ ਧਾਰ ਲਈ। ਅੰਤ ਉਹੀ ਹੋਇਆ, ਜਿਸਦਾ ਡਰ ਸੀ। ਜਲੰਧਰ ਲਾਗਲੇ ਪਿੰਡ ਮਹਿਸਮਪੁਰ 'ਚ 8 ਮਾਰਚ 1988 ਨੂੰ ਉਹ ਤੇ ਉਸ ਦੀ

ਫ਼ਰੀਦਕੋਟ ਵਾਲੀ ਸਾਥਣ ਅਮਰਜੋਤ ਗੋਲੀਆਂ ਦਾ ਨਿਸ਼ਾਨਾ ਬਣ ਗਈ।

ਲੁਧਿਆਣਾ ਦੇ ਪਿੰਡ ਦੁੱਗਰੀ ਦੇ ਜੰਮਪਲ ਚਮਕੀਲੇ ਨੇ ਜਿੰਨਾ ਸੰਘਰਸ਼ ਕੀਤਾ, ਉਸ ਵੱਲ ਦੇਖਿਆ ਜਾਵੇ, ਜਿੰਨਾ ਉਸਨੇ ਲਿਖਿਆ, ਉਸ ਦੀ ਹਰ ਪੱਖੋਂ ਘੋਖ ਕੀਤੀ ਜਾਵੇ, ਜਿੰਨੀਆਂ ਅਖੌਤਾਂ ਉਹਨੇ ਗੀਤਾਂ 'ਚ ਵਰਤੀਆਂ, ਉਨ੍ਹਾਂ ਦਾ ਅਧਿਐਨ ਕੀਤਾ ਜਾਵੇ ਤੇ ਉਸ ਦੀ ਗਾਇਕੀ ਨੂੰ ਜਿੰਨਾ ਪਿਆਰ ਮਿਲਿਆ, ਉਸ ਬਾਰੇ ਤਰਕ ਨਾਲ ਗੱਲ ਕੀਤੀ ਜਾਵੇ ਤਾਂ ਸਿੱਟਾ ਨਿਕਲਦੈ ਕਿ ਉਹ ਏਨਾ ਕਲਾਵਾਨ ਸੀ ਕਿ ਗਾਇਕੀ ਪਿੜ 'ਚ ਉੱਤਰਨ ਸਾਰ ਕਈਆਂ ਨੂੰ ਭਵਿੱਖ ਦੀ ਚਿੰਤਾ ਸਤਾਉਣ ਲੱਗ ਗਈ। ਸੁਰਿੰਦਰ ਸੋਨੀਆ, ਜਿਹੜੀ ਹੁਣ ਲੁਧਿਆਣੇ ਰਹਿੰਦੀ ਹੈ, ਦਾ ਆਖਣੈ, 'ਚਮਕੀਲਾ ਕਮਾਲ ਦਾ ਗਵੱਈਆ ਸੀ..ਅਸੀਂ ਦੋਹਾਂ ਥੋੜ੍ਹਾ ਤੱਤਾ ਗਾਇਆ, ਪਰ ਕਈਆਂ ਨੇ ਇਸ ਨੂੰ ਹੱਦੋਂ ਵੱਧ ਤੂਲ ਦਿੱਤੀ...ਇਹ ਉਹ ਲੋਕ ਸਨ, ਜਿਨ੍ਹਾਂ ਦੀ ਕੱਲ੍ਹ ਤੱਕ ਪੰਜਾਬੀ ਗਾਇਕੀ 'ਚ ਸਰਦਾਰੀ ਸੀ, ਪਰ ਚਮਕੀਲੇ ਦੀਆਂ ਤਰਜ਼ਾਂ ਅੱਗੇ ਉਹ ਖੁਦ ਨੂੰ ਬੇਵੱਸ ਮਹਿਸੂਸ ਕਰਨ ਲੱਗ ਗਏ ਸਨ।'

ਚਮਕੀਲੇ ਨਾਲ ਰਹਿਣ ਵਾਲੇ ਕਈ ਗਾਇਕ ਉਸ ਦੀ ਦਰਿਆਦਿਲੀ ਦੀਆਂ ਗੱਲਾਂ ਸੁਣਾਉਂਦੇ ਨੇ। ਕਈ ਦੱਸਦੇ ਨੇ ਕਿ ਉਸ ਨੂੰ ਦੇਖਣ ਲਈ ਲੋਕਾਂ 'ਚ ਅਵੱਲਾ ਜਿਹਾ ਜਨੂੰਨ ਹੁੰਦਾ। ਉਹ ਦਿਨ ਦੇ ਤਿੰਨ-ਤਿੰਨ ਪ੍ਰੋਗਰਾਮ ਲਾਉਂਦਾ। ਇੱਕ ਵਾਰ ਲੁਧਿਆਣੇ ਉਸਦੇ ਦਫ਼ਤਰ ਅੱਗੇ ਟਰੱਕ ਰੁਕਿਆ। ਡਰਾਈਵਰ ਨੇ ਚਮਕੀਲੇ ਦਾ ਬੋਰਡ ਪੜ੍ਹਿਆ ਤੇ ਬਾਹਰ ਬੈਠੇ ਬੰਦੇ ਨੂੰ ਪੁੱਛਿਆ, 'ਯਾਰ, ਚਮਕੀਲੇ ਨੂੰ ਮਿਲਿਆ ਜਾ ਸਕਦੈ ਕਿ ਨਹੀਂ...।'

ਜਵਾਬ ਮਿਲਿਆ, 'ਏਥੇ ਨਹੀਂ ਆਉਂਦਾ ਉਹ...ਪ੍ਰੋਗਰਾਮਾਂ 'ਚ ਰੁੱਝਿਆ ਹੁੰਦੈ...।'

ਡਰਾਈਵਰ ਨੇ ਕਿਹਾ, 'ਕੀ ਮੈਂ ਉਹਦਾ ਦਫ਼ਤਰ ਅੰਦਰੋਂ ਦੇਖ ਸਕਦਾਂ..ਮੇਰੀ ਏਨੀ ਕੁ ਹਸਰਤ ਪੂਰੀ ਹੋ ਜਾਵੇ ਕਿ ਦਫ਼ਤਰ ਅੰਦਰ ਬੈਠ ਕੇ ਵੀ ਦੇਖਿਐ..?'

ਅਣਮੰਨੇ ਮਨ ਨਾਲ ਉਸਨੇ ਹਾਮੀ ਭਰ ਦਿੱਤੀ ਤੇ ਡਰਾਈਵਰ ਦਫ਼ਤਰ ਅੰਦਰ ਚਲਾ ਗਿਆ। ਅੰਦਰ ਉਸਨੇ ਜੋ ਦੇਖਿਆ, ਉਸ ਦੀ ਹੈਰਾਨੀ ਦੀ ਹੱਦ ਨਾ ਰਹੀ। ਚਮਕੀਲਾ ਕੁਰਸੀ 'ਤੇ ਬੈਠਾ ਸੀ। ਡਰਾਈਵਰ ਨੇ ਬਟੂਏ 'ਚੋਂ ਸੌ ਦਾ ਨੋਟ ਕੱਢਿਆ ਤੇ ਉਸ ਅੱਗੇ ਰੱਖ ਸਿਰ ਨਿਵਾ ਦਿੱਤਾ। ਅਖੇ, 'ਮੇਰੀ ਰੀਝ ਪੂਰੀ ਹੋ ਗਈ..ਹੁਣ ਕਿਸੇ ਚੀਜ਼ ਦੀ ਲੋੜ ਨਹੀਂ...ਜੋ ਸੋਚਿਆ ਸੀ...ਅੱਜ ਹੋ ਗਿਐ...।'

ਚਮਕੀਲੇ ਨੂੰ ਮਿਲੇ ਪਿਆਰ ਦੀਆਂ ਉਦਾਹਰਣਾਂ ਹੋਰ ਵੀ ਬਹੁਤ ਨੇ। ਜਦੋਂ

ਉਹ ਤੁਰ ਗਿਆ ਤਾਂ ਕਈ ਕਲਾਕਾਰਾਂ ਉਸ ਦੀ ਪਤਨੀ ਗੁਰਮੇਲ ਕੌਰ ਦੀ ਮੱਦਦ ਕੀਤੀ। ਹਰ ਸਾਲ ਚਮਕੀਲੇ ਦੀ ਯਾਦ 'ਚ ਦੁੱਗਰੀ ਵਿਖੇ ਮੇਲਾ ਸ਼ੁਰੂ ਹੋਇਆ, ਜਿੱਥੇ ਗਾਉਣ ਵਾਲੇ ਉਸ ਨੂੰ ਚੇਤੇ ਕਰਦੇ ਨੇ। ਚਮਕੀਲੇ ਦੀ ਧੀ ਕਮਲ ਨੇ ਵੀ ਗਾਇਕੀ 'ਚ ਪੈਰ ਧਰਿਆ, ਪਰ ਉਹ ਲੰਮੀ ਉਡਾਰੀ ਦੀ ਥਾਂ ਸਿਰਫ਼ ਵਿਦੇਸ਼ ਤੱਕ ਸੀਮਤ ਹੋ ਕੇ ਰਹਿ ਗਈ। ਇੱਕ-ਦੋ ਕੈਸਿਟਾਂ ਪਿਛੋਂ ਕੋਈ ਉਸ ਨੂੰ ਵਿਦੇਸ਼ ਲੈ ਗਿਆ ਤੇ ਉਥੋਂ ਉਹ ਫੁਰਰ ਹੋ ਗਈ। ਅਖ਼ਬਾਰਾਂ 'ਚ ਉਸ ਦੀਆਂ ਖ਼ਬਰਾਂ ਨਸ਼ਰ ਹੋਈਆਂ ਤੇ ਸਭ ਨੇ ਬੁਰਾ ਮਨਾਇਆ ਕਿ ਏਨੇ ਵੱਡੇ ਕਲਾਕਾਰ ਦੀ ਪੁੱਤਰੀ ਨੇ ਕੀ ਕਰ ਦਿਖਾਇਆ।

ਚਮਕੀਲੇ ਵਰਗਾ ਬਣਨ ਦੀਆਂ ਕੋਸ਼ਿਸ਼ਾਂ ਬੜਿਆਂ ਨੇ ਕੀਤੀਆਂ ਤੇ ਬੜਿਆਂ ਵੱਲੋਂ ਜਾਰੀ ਨੇ। ਬਹੁਤ ਜਣਿਆਂ ਆਪਣੇ ਨਾਂਅ ਪਿੱਛੇ 'ਚਮਕੀਲਾ' ਲਾਉਣਾ ਸ਼ੁਰੂ ਕੀਤਾ, ਪਰ ਉਸ ਵਰਗੀ ਅਵਾਜ਼ ਕਿੱਥੋਂ ਆਵੇ ? ਬੜਿਆਂ ਅਮਰਜੋਤ ਨਾਲ ਮਿਲਦੇ-ਜੁਲਦੇ ਨਾਂਅ ਵਾਲੀਆਂ ਕੁੜੀਆਂ ਨਾਲ ਗਾਉਣ ਲਾਈਆਂ, ਪਰ ਉਸ ਵਰਗਾ ਅੰਦਾਜ਼ ਕਿੱਥੋਂ ਆਵੇ ? ਕਮਾਲ ਦੇਖੋ, ਜਿਹੜੇ ਉਸ ਨੂੰ ਮਾੜਾ ਆਖਦੇ ਸਨ, ਅੱਜ ਉਹੀ ਉਸ ਵਰਗੇ ਬਣਨ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ।

ਅਮਰ ਅਰਸ਼ੀ, ਜਿਹੜਾ ਚਮਕੀਲੇ ਪਿੱਛੇ ਸਾਜ਼ ਵਜਾਉਂਦਾ ਸੀ, ਅੱਜ ਆਪਣੀ ਪਤਨੀ ਨਰਿੰਦਰਜੋਤ ਨਾਲ ਦੋਗਾਣਾ ਗਾਇਕੀ 'ਚ ਚੰਗਾ ਨਾਂਅ ਖੱਟ ਚੁੱਕੈ, ਕਿਉਂਕਿ ਲੋਕ ਜਾਣਦੇ ਨੇ ਕਿ ਉਹ ਚਮਕੀਲੇ ਦਾ ਸ਼ਾਗਿਰਦ ਹੈ। ਪੰਜਾਬ ਦੇ ਇੱਕੜ-ਦੁੱਕੜ ਗਾਇਕਾਂ ਨੂੰ ਛੱਡ ਸਭ ਨੇ ਚਮਕੀਲੇ ਦੀਆਂ ਤਰਜ਼ਾਂ ਅਤੇ ਗੀਤਾਂ ਦੀ ਭੰਨ-ਤੋੜ ਕੀਤੀ। ਜਿਹੜਿਆਂ-ਜਿਹੜਿਆਂ ਉਸ ਦੀਆਂ ਸਤਰਾਂ ਚੋਰੀ ਕੀਤੀਆਂ, ਉਹ ਕਾਮਯਾਬ ਵੀ ਹੋਏ ਤੇ ਇਥੋਂ ਹੀ ਅੰਦਾਜ਼ਾ ਲੱਗ ਜਾਂਦੈ ਹੈ ਕਿ ਕਿੰਨਾ ਦਮ ਸੀ ਉਸਦੇ ਗੀਤਾਂ 'ਚ।

ਜਦੋਂ ਚਮਕੀਲਾ ਮਾਰ ਦਿੱਤਾ ਗਿਆ ਤਾਂ ਜਗਦੇਵ ਸਿੰਘ ਜੱਸੋਵਾਲ ਨੇ ਕਿਹਾ, 'ਜੇ ਗੋਲੀਆਂ ਮਾਰਿਆਂ ਅਸ਼ਲੀਲਤਾ ਮੁੱਕਦੀ ਏ ਤਾਂ ਮੇਰੇ ਵੀ ਮਾਰ ਦਿਓ...ਅਸ਼ਲੀਲਤਾ ਗੋਲੀਆਂ ਨਾਲ ਨਹੀਂ, ਸਮਝਾਉਣੀਆਂ ਨਾਲ ਮੁੱਕ ਸਕਦੀ ਏ...।'

ਜੱਸੋਵਾਲ ਦੀ ਇਹ ਗੱਲ ਅੱਜ ਦੇ ਪ੍ਰਸੰਗ 'ਚ ਬਿਲਕੁਲ ਸਹੀ ਹੈ ਕਿਉਂਕਿ ਚਮਕੀਲੇ ਦੇ ਤਾਂ ਬੋਲ ਹੀ ਦੋ ਅਰਥਾਂ ਵਾਲੇ ਸਨ, ਅੱਜ ਦੇ ਕਈ ਗਵੱਈਆਂ ਤਾਂ ਪੰਜਾਬੀਅਤ ਦੇ ਮੂੰਹ 'ਤੇ ਕਾਲਖ ਮਲਣ ਦੀ ਧਾਰੀ ਹੋਈ ਹੈ।

ਚਮਕੀਲੇ ਨੇ ਮੁੜ ਨਹੀਂ ਆਉਣਾ, ਪਰ ਉਸ ਦੀਆਂ ਨਕਲਾਂ ਕਰਨ

ਵਾਲਿਆਂ ਜੰਮਦੇ ਰਹਿਣਾ ਹੈ, ਉਸ ਦੀਆਂ ਤਰਜ਼ਾਂ ਚੋਰੀ ਹੁੰਦੀਆਂ ਰਹਿਣੀਆਂ ਨੇ। ਜੇ ਅਸੀਂ ਸੱਭਿਆਚਾਰ ਦੇ ਅਸਲ ਸੇਵਕ ਹਾਂ ਤਾਂ ਪ੍ਰਣ ਕਰਨਾ ਚਾਹੀਦੈ ਕਿ ਉਨ੍ਹਾਂ ਲੋਕਾਂ ਨੂੰ ਸਿੱਧੇ ਰਾਹ ਪਾਉਣ ਦੀ ਕੋਸ਼ਿਸ਼ ਕਰਾਂਗੇ, ਜਿਹੜੇ ਗਾਇਕੀ ਦੇ ਨਾਂਅ 'ਤੇ ਧੀਆਂ-ਭੈਣਾਂ ਦੀ ਪੱਤ ਰੋਲ ਰਹੇ ਨੇ।

# ਦਿਲਸ਼ਾਦ ਅਖ਼ਤਰ

## (1966-1996)

ਕਲਾਕਾਰ ਜਦੋਂ 'ਸਟਾਰ' ਬਣ ਜਾਂਦੈ, ਉਦੋਂ ਕਈ ਵਾਰ ਉਸ ਨੂੰ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈਂਦੈ, ਜਿਨ੍ਹਾਂ ਬਾਰੇ ਸੁਣਨ ਤੱਕ ਮਤਲਬ ਰੱਖਣ ਵਾਲਿਆਂ ਨੂੰ ਭੋਰਾ ਗਿਆਨ ਨਹੀਂ ਹੁੰਦਾ। ਕਲਾਕਾਰ ਨੂੰ ਪ੍ਰੋਗਰਾਮ ਬੁੱਕ ਹੋਣ ਦੀ ਖੁਸ਼ੀ ਤਾਂ ਹੁੰਦੀ ਹੈ, ਪਰ ਮੁਕੰਮਲ ਖੁਸ਼ੀ ਪ੍ਰੋਗਰਾਮ ਕਰਕੇ ਸੁੱਖੀਂ-ਸਾਂਦੀਂ ਘਰ ਪਹੁੰਚਣ ਵੇਲ਼ੇ ਮਿਲਦੀ ਹੈ। ਜਿਹੜੇ ਢਾਈ-ਤਿੰਨ ਘੰਟੇ ਕਲਾਕਾਰ ਨੇ ਗਾਉਣਾ ਹੁੰਦੈ, ਉਸ ਦੌਰਾਨ ਕੇਹੇ ਲੋਕਾਂ ਨਾਲ ਵਾਹ ਪੈਣੈ, ਲੋਰ 'ਚ ਆਏ ਸ਼ਰਾਬੀ ਕੀ ਕਹਿ ਦੇਣ, ਕਿਹੜਾ ਕੀ ਸ਼ਰਾਰਤ ਕਰ ਦੇਵੇ, ਕੋਈ ਨਹੀਂ ਜਾਣਦਾ ਹੁੰਦਾ। ਕਈ ਵਾਰ ਮਾਮਲਾ ਏਨਾ ਵਿਗੜ ਜਾਂਦੈ ਕਿ 'ਚਿੜੀਆਂ ਦੀ ਮੌਤ, ਗਵਾਰਾਂ ਦਾ ਹਾਸਾ' ਵਾਲੀ ਗੱਲ ਹੋ ਜਾਂਦੀ ਏ। ਦੋ ਘੁੱਟ ਲਾ ਜਿਨ੍ਹਾਂ ਦੇ ਪੈਰ ਭੁੰਜੇ ਨਹੀਂ ਲੱਗਦੇ, ਉਦੋਂ ਹਾਥੀ ਵੀ ਉਨ੍ਹਾਂ ਭਾਣੇ ਕੀੜੀਆਂ ਤੁਲ ਹੁੰਦੇ ਨੇ, ਕਲਾਕਾਰ ਨੂੰ ਮਸ਼ੀਨ ਸਮਝਿਆ ਜਾਂਦੈ, ਜੋ ਕਿਹਾ ਜਾਵੇ, ਉਹੀ ਹੋਵੇ, ਨਾ ਹੋਇਆ ਤਾਂ ਉਨ੍ਹਾਂ ਨਾਲੋਂ ਬੁਰਾ ਕੋਈ ਨਹੀਂ।

ਸ਼ਾਇਦ ਹੀ ਕੋਈ ਕਲਾਕਾਰ ਹੋਵੇਗਾ, ਜਿਸਦੀ ਗਾਇਕੀ ਸਫ਼ਰ ਦੌਰਾਨ ਟੁੰਨ ਹੋਇਆਂ ਦੀਆਂ ਫ਼ਰਮਾਇਸ਼ਾਂ ਕਾਰਨ ਤੂੰ-ਤੂੰ, ਮੈਂ-ਮੈਂ ਨਾ ਹੋਈ ਹੋਵੇ। ਸਮਝਦਾਰ ਕਲਾਕਾਰ ਸਿਆਣਪ ਵਰਤਦਿਆਂ ਹੱਥ ਜੋੜ ਲੈਂਦੇ ਨੇ, ਪਰ ਥੋੜ੍ਹੇ ਗ਼ਰਮ ਅੜ ਜਾਂਦੇ ਨੇ ਤੇ ਸ਼ਰਾਬੀ ਇਸ ਨੂੰ ਤੌਹੀਨ ਸਮਝ ਬੈਠਦੇ ਨੇ।

28 ਜਨਵਰੀ 1996 ਨੂੰ ਦਿਲਸ਼ਾਦ ਅਖ਼ਤਰ ਨਾਲ ਇਹੀ ਸਭ ਹੋਇਆ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸਿੰਘਪੁਰਾ ਵਿੱਚ ਇੱਕ ਪ੍ਰੋਗਰਾਮ ਦੌਰਾਨ ਉਹ ਗਾ ਰਿਹਾ ਸੀ। ਭੰਗੜਾ ਪੈ ਰਿਹਾ ਸੀ, ਬੱਕਰੇ ਬੁਲਾਏ ਜਾ ਰਹੇ ਸਨ, ਇੱਕ ਹੋਰ, ਇੱਕ ਹੋਰ ਦੀਆਂ ਅਵਾਜ਼ਾਂ ਆ ਰਹੀਆਂ ਸਨ, ਫ਼ਲਾਣਾ ਗਾ ਹੁਣ, ਹੁਣ ਫ਼ਲਾਣਾ, ਗੱਲ ਕੀ ਨਾ ਫ਼ਰਮਾਇਸ਼ਾਂ ਮੁੱਕਣ 'ਚ ਆਉਂਦੀਆਂ ਤੇ ਨਾ ਦਿਲਸ਼ਾਦ ਗਾਉਂਦਾ ਥੱਕਿਆ। ਏਨੇ ਨੂੰ ਪ੍ਰੋਗਰਾਮ 'ਚ ਸ਼ਾਮਲ ਦਾਰੂ ਨਾਲ ਟੁੰਨ ਇੱਕ ਪੁਲਸ ਅਫ਼ਸਰ ਨੇ ਤੁਗਲਕੀ ਫ਼ਰਮਾਨ ਜਾਰੀ ਕੀਤਾ, 'ਓਏ, 'ਨੱਚੀ ਜੋ ਸਾਡੇ ਨਾਲ, ਉਹਨੂੰ ਦਿਲ ਵੀ ਦਿਆਂਗੇ' ਗਾ।' ਦਿਲਸ਼ਾਦ ਅੜ੍ਹ ਗਿਆ, ਕਹਿੰਦਾ, 'ਮੈਂ ਸਿਰਫ਼ ਆਪਣੇ ਗੀਤ ਗਾਉਂਦਾ ਹਾਂ, ਹੋਰਾਂ ਦੇ ਨਹੀਂ...।'

ਸੁਰਤ ਗੁਆਈ ਬੈਠੇ ਪੁਲਸੀਏ ਨੂੰ ਵੱਟ ਚੜ੍ਹ ਗਿਆ। ਬੇਇਜ਼ਤੀ ਸਮਝ ਉਸ ਨੇ ਗੋਲੀ ਚਲਾ ਦਿੱਤੀ ਤੇ ਹਿੱਕ ਦੇ ਜ਼ੋਰ ਵਾਲਾ ਦਿਲਸ਼ਾਦ ਢੇਰੀ ਹੋ ਗਿਆ। ਖੁਸ਼ੀ ਵਾਲਾ ਮਾਹੌਲ ਇਕਦਮ ਸੋਗਮਈ ਬਣ ਗਿਆ। ਅੱਖਾਂ ਅੱਡੀਆਂ ਰਹਿ ਗਈਆਂ, ਪਲਾਂ 'ਚ ਕੀ ਤੋਂ ਕੀ ਹੋ ਗਿਆ। ਕੀੜੇ ਖ਼ਾਂ ਸ਼ੌਕੀਨ ਦਾ ਲਾਡਲਾ ਪੁੱਤ ਜਹਾਨ ਤੋਂ ਜਾ ਚੁੱਕਾ ਸੀ ਤੇ ਸਾਹਮਣੇ ਪਈ ਸੀ ਉਸ ਦੀ ਲਾਸ਼। ਗੋਲੀ ਚਲਾਉਣ ਵਾਲੇ ਨੂੰ ਸਸਪੈਂਡ ਕਰ ਦਿੱਤਾ ਗਿਆ ਤੇ ਕਾਫੀ ਸਮਾਂ ਉਸ 'ਤੇ ਕੇਸ ਵੀ ਚੱਲਿਆ। ਫੇਰ ਕਿਸੇ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗਾ ਤੇ ਕੁੱਝ ਸਾਲ ਪਹਿਲਾਂ ਜਾਣਕਾਰੀ ਮਿਲੀ ਕਿ ਉਸਨੇ ਆਪਣੀ ਬੰਦੂਕ ਨਾਲ ਆਤਮ ਹੱਤਿਆ ਕਰ ਲਈ ਹੈ।

ਮੌਤ ਤੋਂ ਬਾਅਦ ਦਿਲਸ਼ਾਦ ਨੂੰ ਸ਼ਰਧਾਂਜਲੀ ਅਤੇ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਕਲਾਕਾਰ ਭਾਈਚਾਰੇ ਨੇ ਜਲੰਧਰ 'ਚ ਮਾਰਚ ਕੀਤਾ। ਉਸ ਦੀ ਮੌਤ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਛਿੜੀਆਂ, ਕੋਈ ਕਹਿੰਦਾ, 'ਜੇ ਹੋਰ ਦਾ ਗਾਣਾ ਗਾਉਣ ਲਈ ਕਹਿ ਦਿੱਤਾ ਸੀ ਤਾਂ ਗਾ ਦਿੰਦਾ, ਜਾਨ ਬਚ ਜਾਂਦੀ', ਕੋਈ ਆਖਦਾ, 'ਕਲਾਕਾਰ ਦੀ ਪਛਾਣ ਆਪਣੇ ਗੀਤਾਂ ਨਾਲ ਹੁੰਦੀ ਏ, ਦੂਜੇ ਦਾ ਕਿਉਂ ਗਾਵੇ', ਕੋਈ ਕਹਿੰਦਾ, 'ਕਲਾਕਾਰਾਂ ਦੀ ਏਨੀ ਆਕੜ ਮਾੜੀ ਏ' ਤੇ ਕੋਈ ਬੋਲਦਾ, 'ਜੇ ਖੁਸ਼ੀ ਮੌਕੇ ਇਹੋ ਜਿਹਾ ਬਾਂਦਰਪੁਣਾ ਕਰਨ ਵਾਲਾ ਬੈਠਾ ਹੋਵੇ ਤਾਂ ਕਲਾਕਾਰ ਵਿਚਾਰਾ ਕੀ ਕਰੇ ?'

ਇਹ ਸਭ ਗੱਲਾਂ ਉਦੋਂ ਵੀ ਹੁੰਦੀਆਂ ਸਨ ਤੇ ਅੱਜ ਵੀ ਗਾਹੇ-ਬਗਾਹੇ ਸੁਣ ਲਈਦੀਆਂ ਨੇ, ਪਰ ਦਿਲਸ਼ਾਦ ਨੂੰ ਗਿਆਂ ਪੰਦਰਾਂ ਸਾਲ ਹੋ ਚੱਲੇ ਨੇ, ਫਿਰ ਵੀ ਉਸ ਦੇ ਗਾਉਣ ਦੀ ਕਦਰ ਕਰਨ ਵਾਲਿਆਂ ਦੀ ਘਾਟ ਨਹੀਂ। ਉਸ ਨੂੰ ਚਾਹੁਣ ਵਾਲੇ ਪੰਜਾਬ 'ਚ ਵੀ ਬਥੇਰੇ ਨੇ ਤੇ ਪੰਜਾਬੋਂ ਬਾਹਰ ਵੀ। ਕਨੇਡਾ-ਅਮਰੀਕਾ ਤੇ ਹੋਰ ਮੁਲਕਾਂ ਦੇ ਰੇਡੀਓ, ਟੀ.ਵੀ. 'ਤੇ ਉਸ ਦਾ ਗੀਤ 'ਚਿੱਠੀ ਦੇ ਵਿੱਚ ਲਿਖਦੀਂ ਹੁਣ ਕੀ ਹਾਲ ਪ੍ਰੀਤੋ ਦਾ' ਅੱਜ ਵੀ ਸਰੋਤਿਆਂ ਦੀ ਫ਼ਰਮਾਇਸ਼ 'ਤੇ ਸੁਣਾਇਆ ਜਾਂਦੈ।

ਚਾਰ ਭੈਣ-ਭਰਾਵਾਂ 'ਚੋਂ ਦਿਲਸ਼ਾਦ ਸਭ ਤੋਂ ਛੋਟਾ ਸੀ। ਸਭ ਤੋਂ ਵੱਡੀ ਭੈਣ ਵੀਰਪਾਲ, ਉਸ ਤੋਂ ਛੋਟਾ ਗੁਰਾਂਦਿੱਤਾ, ਫੇਰ ਮਨਪ੍ਰੀਤ ਅਖ਼ਤਰ ਤੇ ਅਖੀਰਲਾ ਦਿਲਸ਼ਾਦ। 1966 ਦੇ ਅਪ੍ਰੈਲ ਮਹੀਨੇ ਜਨਮਿਆ ਦਿਲਸ਼ਾਦ ਉਦੋਂ ਨੌਵੀਂ 'ਚ ਪੜ੍ਹਦਾ ਸੀ, ਜਦੋਂ ਪਰਿਵਾਰ ਮੁਕਤਸਰ ਛੱਡ ਕੋਟਕਪੂਰਾ ਦੇ ਫੇਰੂਮਾਨ ਚੌਕ ਲਾਗੇ ਰਹਿਣ ਲੱਗ ਗਿਆ। ਘਰ ਵਿੱਚ ਗਾਇਕੀ ਦਾ ਮਾਹੌਲ ਪਹਿਲਾਂ ਤੋਂ ਹੀ ਸੀ, ਪਿਤਾ ਜੀ ਕੀੜੇ ਖਾਂ ਸ਼ੌਕੀਨ ਵੇਲ਼ੇ ਦੇ ਮੰਨੇ-ਪ੍ਰਮੰਨੇ ਗਵੱਈਏ ਸਨ, ਸਿੱਟੇ ਵਜੋਂ ਅਲੂੰਆਂ ਜਿਹਾ ਦਿਲਸ਼ਾਦ ਬਾਪ ਦੇ ਨਕਸ਼ੇ ਕਦਮਾਂ 'ਤੇ ਚੱਲਣ ਲੱਗਾ। ਮੁੱਛ ਫੁੱਟਣ ਤੱਕ ਉਸ ਦੀ ਰਿਕਾਰਡਿੰਗ

ਦਾ ਸਿਲਸਿਲਾ ਸ਼ੁਰੂ ਹੋ ਗਿਆ ਤੇ ਨਿੱਕੀ ਉਮਰੇ ਦਰਜਨਾਂ ਕੈਸਿਟਾਂ ਕਰ ਉਹ ਗੀਤਾਂ ਦਾ ਅਜਿਹਾ ਅੰਬਾਰ ਲਾ ਗਿਆ, ਜਿਸ ਨੂੰ ਸੁਣ-ਸੁਣ ਉਸ ਦੀ ਅਵਾਜ਼ ਅਤੇ ਅੰਦਾਜ਼ ਦੋਹਾਂ 'ਤੇ ਰਸ਼ਕ ਹੁੰਦੈ। ਉਹਨੇ ਕਈ ਫ਼ਿਲਮਾਂ ਵਿੱਚ ਵੀ ਗਾਇਆ, ਹੱਥ 'ਚ ਚਿਮਟਾ ਫੜ ਆਲਮ ਲੁਹਾਰ ਵਾਂਗ ਅਜਿਹਾ ਰੰਗ ਪੇਸ਼ ਕੀਤਾ ਕਿ ਸਭ ਦੰਗ ਰਹਿ ਗਏ।

ਦਿਲਸ਼ਾਦ ਨੇ ਜ਼ਿੰਦਗੀ ਦੀਆਂ ਤੀਹ ਕੁ ਬਹਾਰਾਂ ਮਾਣੀਆਂ ਤੇ ਗਾਇਕੀ ਸਫ਼ਰ ਦੀ ਪੜਚੋਲ ਕਰਿਆਂ ਜਿੱਥੇ ਉਸ ਦੇ ਗੀਤਾਂ 'ਚ ਘੁਲੀ ਮਾਲਵੇ ਦੀ ਮਹਿਕ ਦਾ ਪਤਾ ਲੱਗਦੈ, ਉਥੇ ਸਮੇਂ ਦੀ ਨਬਜ਼ ਪਛਾਣ ਕੇ ਤੁਰਨ ਦਾ ਗੁਰ ਵੀ। ਉਨ੍ਹੀਂ ਦਿਨੀਂ ਮਨੋਰੰਜਨ ਦੇ ਸਾਧਨ ਬਹੁਤੇ ਵਿਕਸਤ ਨਹੀਂ ਸਨ ਤੇ ਕਲਾਕਾਰਾਂ ਦੀਆਂ ਕੈਸਿਟਾਂ ਦੀ ਉਡੀਕ ਸ਼ਿੱਦਤ ਨਾਲ ਹੁੰਦੀ ਸੀ, ਸਿੱਟੇ ਵਜੋਂ ਕੰਪਨੀਆਂ ਮੌਕੇ ਦਾ ਫ਼ਾਇਦਾ ਲੈਣ ਲਈ ਕਲਾਕਾਰ ਦੀਆਂ ਸਾਲ 'ਚ ਤਿੰਨ-ਤਿੰਨ ਕੈਸਿਟਾਂ ਵੀ ਪੇਸ਼ ਕਰ ਦਿੰਦੀਆਂ। ਨਾ ਏਨੇ ਥੋੜ੍ਹੇ ਵਕਤ 'ਚ ਮੈਟਰ ਚੋਣ ਵੱਲ ਬਹੁਤਾ ਧਿਆਨ ਜਾਂਦਾ ਤੇ ਨਾ ਹੋਰ ਕੰਮਾਂ ਵੱਲ।

ਦਿਲਸ਼ਾਦ ਦੇ ਜਿਹੜੇ ਗੀਤਾਂ ਨੂੰ ਹਰ ਪੰਜਾਬੀ ਨੇ ਰੱਜਵਾਂ ਪਿਆਰ ਦਿੱਤਾ, ਉਨ੍ਹਾਂ 'ਚੋਂ ਕਈ ਪ੍ਰਵਾਸ ਨਾਲ ਜੁੜੇ ਨੇ ਤੇ ਕਈ ਮਜ਼ਾਹੀਆ ਰੰਗ ਨਾਲ। ਉਸ ਦੀ ਗਾਇਕੀ ਜਿੱਥੇ ਵਿਛੋੜੇ ਦਾ ਸੱਲ ਬਿਆਨਦੀ ਹੈ, ਉਥੇ ਵਿਆਹ-ਸ਼ਾਦੀ ਦੇ ਮਾਹੌਲ 'ਚ ਹੋਰ ਰੰਗ ਭਰਦੀ ਹੈ। ਇੱਕ ਪਾਸੇ ਉਹ 'ਹਾਏ ਨੀਂ ਡੁੱਬ ਜਾਣੀ ਦਾ ਬਚੂੰਗੜਾ ਰੋਵੇ' ਤੇ 'ਚੀਚੋ ਚੀਚ ਗਨੇਰੀਆਂ' ਜਿਹੀਆਂ ਬਾਲ ਸੋਚ ਵਾਲੀਆਂ ਗੱਲਾਂ ਕਰਦਾ ਹੈ, ਦੂਜੇ ਪਾਸੇ ਅੱਖਾਂ ਤੋਂ ਦੂਰ, ਪਰ ਮਨ ਦੇ ਨੇੜੇ ਰਹਿੰਦੇ ਸੱਜਣ ਦੀ ਗੱਲ 'ਮਨ ਵਿੱਚ ਵਸਨੈਂ ਸੱਜਣਾ ਵੇ ਰਹਿਨੈਂ ਅੱਖੀਆਂ ਤੋਂ ਦੂਰ' ਵਰਗੇ ਪਾਏਦਾਰ ਗੀਤਾਂ ਦੀ ਪੇਸ਼ਕਾਰੀ ਕਰਦੈ। ਇੱਕ ਪਾਸੇ ਉਹ 'ਮੇਰੇ ਲੁੱਟੇ ਪੁੱਟੇ ਪਿਆਰ ਦੀ, ਉਦਾਸ ਹੈ ਕਹਾਣੀ' ਜ਼ਰੀਏ ਇਸ਼ਕ 'ਚ ਮਾਤ ਖਾਣ ਵਾਲਿਆਂ ਦਾ ਦਰਦ ਬਿਆਨਦੈ, ਦੂਜੇ ਪਾਸੇ ਵਿਰਸੇ ਦੀ ਮਹੱਤਤਾ ਵਿਸਾਰ ਰਹੀ ਨਵੀਂ ਪੀੜ੍ਹੀ ਅੱਗੇ ਸਵਾਲਾਂ ਦੀ ਪੰਡ ਖੋਲ੍ਹਦਾ 'ਕਿਤੇ ਸੁਣ ਅੱਲ੍ਹੜੇ ਮੁਟਿਆਰੇ, ਨੀਂ ਚਰਖਾ ਬੋਲ ਪਿਆ' ਵਰਗਾ ਗੀਤ ਪੇਸ਼ ਕਰਦੈ।

ਦਿਲਸ਼ਾਦ ਦੇ ਗੀਤਾਂ ਨੂੰ ਬਹੁਤੇ ਹਿੱਸਿਆਂ 'ਚ ਵੰਡਣਾ ਗ਼ਲਤ ਹੋਵੇਗਾ। ਸੱਭੇ ਕਲਾਕਾਰਾਂ ਵਾਂਗ ਉਦਾਸ ਤੇ ਖੁਸ਼ਗਵਾਰ ਦੋਹਾਂ ਤਰ੍ਹਾਂ ਦੇ ਗੀਤ ਉਸ ਨੇ ਨਿੱਠ ਕੇ ਗਾਏ। ਪਰ ਬਾਕੀਆਂ ਨਾਲੋਂ ਵੱਖਰਾ ਪੱਖ ਮਜ਼ਾਹੀਆ ਗੀਤਾਂ ਦਾ ਮਕਬੂਲ ਹੋਣਾ ਸੀ। ਜਾਪਦੈ, ਜਿਹੜੇ ਗੀਤ ਉਸ ਨੇ ਮਖੌਲ-ਮਖੌਲ 'ਚ ਗਾਏ, ਉਹੀ ਸਫ਼ਲਤਾ ਦਾ

ਇਤਿਹਾਸ ਸਿਰਜ ਗਏ। ਇਸ ਵੰਨਗੀ ਦੇ ਗੀਤਾਂ 'ਚ ਨਾ ਕੋਈ ਸਿੱਖਿਆ ਹੈ, ਨਾ ਹਕੀਕਤ ਤੇ ਨਾ ਝੋਰਾ, ਪਰ ਉਹ ਵੀ ਦਿਨ ਆਏ, ਜਦੋਂ ਹਰ ਹੱਟੀ-ਭੱਠੀ, ਨਿਆਣੇ-ਸਿਆਣੇ ਦੇ ਬੁੱਲ੍ਹਾਂ 'ਤੇ ਉਸੇ ਦੇ ਗੀਤ ਹੁੰਦੇ ਸਨ।

'ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ ਮਿੱਤਰੋ' ਨੂੰ ਧਿਆਨ ਨਾਲ ਸੁਣੋ। ਸ਼ਰਾਰਤੀ ਜਿਹੇ ਇਸ ਗੀਤ 'ਚ ਇੰਗਲੈਂਡ ਵਿੱਚ ਕੁੱਝ ਸਾਲ ਲਾ ਕੇ ਪਿੰਡ ਪਰਤਣ ਵਾਲੀ ਮੁਟਿਆਰ ਦੇ ਬਦਲੇ ਤੌਰ-ਤਰੀਕਿਆਂ 'ਤੇ ਟਕੋਰਾਂ ਹੋਈਆਂ ਨੇ। ਲੰਘੇ ਵੇਲ਼ੇ ਏਦਾਂ ਦੇ ਮਚਲੇ ਗੀਤ ਆਏ ਵੀ ਤੇ ਹਿੱਟ ਵੀ ਹੋਏ। ਕਿਸੇ ਵੇਲ਼ੇ ਬਲਧੀਰ ਮਾਹਲਾ ਦਾ ਗੀਤ 'ਕੁੱਕੂ ਰਾਣਾ ਰੋਂਦਾ ਹਾਏ ਮੈਂ ਮਰਗੀ ਰੋਂਦਾ' ਵੀ ਬਹੁਤ ਹਿੱਟ ਹੋਇਆ ਸੀ। ਦਿਲਸ਼ਾਦ ਦੇ ਇਸ ਗੀਤ ਵਿੱਚ ਤਨਜ਼ ਸੀ ਤੇ ਵਲੈਤੀ ਰੰਗ ਵਿੱਚ ਰੰਗੀ 'ਕੰਮੋ' ਨੂੰ ਮੁੱਖ ਧਾਰਾ 'ਚ ਆਉਣ ਦੀ ਨੇਕ ਸਲਾਹ ਵੀ। ਬੋਲ ਦੇਖੋ :

ਕਹਿੰਦੇ ਕੰਮੋ ਕਮਲੀ ਵਲੈਤ ਹੋ ਕੇ ਆਈ ਯਾਰੋ,
ਵੇਖੋ ਵਾਹਿਗੁਰੂ ਦੇ ਚੋਜ਼ ਨਿਆਰੇ ਮੁੰਡਿਓ,
ਹੋਗੀ ਬੱਲੇ-ਬੱਲੇ ਪਿੰਡ ਵਿੱਚ ਸਾਰੇ ਮੁੰਡਿਓ,
ਅੱਧੀ ਅੰਗਰੇਜ਼ੀ, ਅੱਧੀ ਬੋਲਦੀ ਪੰਜਾਬੀ,
ਉਹਦੇ ਨਖ਼ਰੇ ਨਾ ਜਾਣ ਸਹਾਰੇ ਮੁੰਡਿਓ,
ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ ਮੁੰਡਿਓ।

ਗਾਣਾ ਅੱਗੇ ਵਧਦਾ ਤੇ 'ਕੰਮੋ' ਦੇ ਸੁਭਾਅ ਦੀਆਂ ਪਰਤਾਂ ਖੋਲ੍ਹਦਾ ਜਾਂਦਾ। ਜਿਹੜੀ 'ਕੰਮੋ' ਭੇਡਾਂ ਦਾ ਵਾੜਾ ਹੂੰਝਦੀ ਸੀ, ਨੱਕ ਪੂੰਝਣ ਦਾ ਚੱਜ ਨਹੀਂ ਸੀ, ਅੱਜ ਮਹਿੰਗੇ ਪਰਫ਼ਿਊਮ ਲਾਉਂਦੀ ਤੇ ਬਾਪੂ-ਬੇਬੇ ਨੂੰ 'ਮੌਮ-ਡੈਡ' ਆਖਦੀ ਏ। ਗਾਣੇ 'ਚ ਜਿਹੜੀ ਥਾਂ 'ਦੇਸੀ ਬਾਂਦਰੀ' ਆਉਂਦਾ, ਉਥੇ ਬਾਂਦਰਾਂ ਦੀਆਂ ਅਵਾਜ਼ਾਂ ਆ ਜਾਂਦੀਆਂ।

ਦਿਲਸ਼ਾਦ ਦਾ ਏਸੇ ਰੂਪ ਵਾਲਾ ਗੀਤ 'ਹਾਏ ਨੀਂ ਮਰ ਜਾਣੀ ਦਾ ਬਚੂੰਗੜਾ ਰੋਵੇ' ਵੀ ਸਭ ਨੇ ਵਾਰ-ਵਾਰ ਸੁਣਿਆ। ਗੀਤ ਇੱਕ ਛੜੇ ਦੀ ਜ਼ਿੰਦਗੀ ਨਾਲ ਜੁੜਿਆ ਹੈ। ਵਿਆਹ ਉਸ ਦਾ ਤਲਾਕਸ਼ੁਦਾ ਔਰਤ ਨਾਲ ਹੋ ਜਾਂਦੈ, ਜਿਹੜੀ ਨਾਲ ਬੱਚੇ ਵੀ ਲੈ ਆਉਂਦੀ ਹੈ। ਜਦੋਂ ਉਹ ਨਿਆਣੇ ਨੂੰ ਉਂਗਲ ਲਾ ਗਲੀ 'ਚੋਂ ਲੰਘਦੈ ਤਾਂ ਲੋਕ ਹੱਸਦੇ ਨੇ, ਮਜ਼ਾਕ ਉਡਾਉਂਦੇ ਨੇ। ਨਿਆਣਾ ਕਿਸੇ ਗੱਲੋਂ ਵੇਰ੍ਹ ਜਾਂਦੈ ਤਾਂ ਉਹ ਦੁਖੀ ਹੋ ਮਨ ਦੀ ਵਿਥਿਆ ਬਿਆਨ ਕਰਦੈ। ਉਸ ਦੀ ਵਿਥਿਆ 'ਚ ਹਾਸਾ ਵੀ ਹੈ ਤੇ ਕਿਸਮਤ 'ਤੇ ਝੋਰਾ ਵੀ। ਮੌਜੂਦਾ ਸਮੇਂ ਭਾਵੇਂ ਇਹੋ ਜਿਹੇ ਗੀਤ ਕਲਾਕਾਰ ਦੀ ਪਛਾਣ ਨਹੀਂ ਬਣਾ ਸਕਦੇ, ਪਰ ਇਹ ਦਿਲਸ਼ਾਦ ਦੀ ਪਛਾਣ ਦੇ ਜ਼ਾਮਨ ਜ਼ਰੂਰ

ਬਣੇ। ਇਸ ਦੇ ਦੋ ਕਾਰਨ ਹੋ ਸਕਦੇ ਨੇ, ਪਹਿਲਾ, ਉਸ ਵੇਲ਼ੇ ਜ਼ਿੰਦਗੀ ਅੱਜ ਨਾਲੋਂ ਕਾਫੀ ਭਿੰਨ ਸੀ, ਪੇਂਡੂ ਪਿਛੋਕੜ ਦੀਆਂ ਇਹੋ ਜਿਹੀਆਂ ਪ੍ਰੇਸ਼ਾਨੀਆਂ ਹਕੀਕਤ ਨਾਲ ਜੁੜੀਆਂ ਜਾਪਦੀਆਂ ਸਨ ਤੇ ਦੂਜਾ, ਦਿਲਸ਼ਾਦ ਦੀ ਪੇਸ਼ਕਾਰੀ ਵਧੀਆ ਸੀ। ਕਿੰਨੇ ਫੱਬੇ ਸਨ ਉਸ ਮੂੰਹੋਂ ਇਹ ਬੋਲ :

ਜਦ ਉਂਗਲੀ ਲਾ ਕੇ ਤੁਰਦਾ ਹਾਂ,
ਦਿਲ ਅੰਦਰੋ ਅੰਦਰੀਂ ਸੰਗਦਾ ਹੈ।
ਮੈਂ ਕੱਲ੍ਹ ਬੰਸਰੀ ਲਿਆਂਦੀ ਸੀ,
ਅੱਜ ਫੇਰ ਛੁਣਛੁਣਾ ਮੰਗਦਾ ਹੈ।
ਨਹੀਂ ਦਿੰਦਾ ਤਾਂ ਲੋਕਾਂ ਦੇ ਜਵਾਕਾਂ ਕੋਲੋਂ ਖੋਹਵੇ,
ਹਾਏ ਨੀਂ ਡੁੱਬ ਜਾਣੀਦਾ ਬਚੂੰਗੜਾ ਰੋਵੇ।

ਹੁਣ ਮਜ਼ਾਹੀਆ ਗਾਇਕੀ ਸਿਰਫ਼ ਕਾਮੇਡੀ ਕੈਸਿਟਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਹਿੱਟ ਗੀਤ ਦੀ ਪੈਰੋਡੀ ਬਣਾ ਕੇ ਸਰੋਤਿਆਂ ਦਾ ਮਨ ਮੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਏ, ਪਰ ਅੱਠ ਗਾਣਿਆਂ ਦੀ ਕੈਸਿਟ ਵਿੱਚ ਦਿਲਸ਼ਾਦ ਵਾਂਗ ਇਹੋ ਜਿਹੇ ਵਿਸ਼ੇ ਛੋਹਣੇ ਹੋਰਾਂ ਹਿੱਸੇ ਘੱਟ ਆਏ ਤੇ ਇਸ ਦਾ ਪ੍ਰਮਾਣ ਉਸ ਵੱਲੋਂ ਗਾਏ, 'ਬਮ ਬਮ ਬਮ ਲਹਿਰੀ, 'ਚੀਚੋ ਚੀਚ ਗਨੇਰੀਆਂ, ਦੋ ਤੇਰੀਆਂ ਦੋ ਮੇਰੀਆਂ' ਤੇ 'ਧੰਨਾ ਜੱਟ ਖੇਡੇ, ਪੁੱਛਾਂ ਲੈ ਲਓ ਨੀਂ ਕੁਆਰੀਓ' ਤੋਂ ਮਿਲ ਜਾਂਦਾ ਹੈ।

ਪ੍ਰਵਾਸ ਨਾਲ ਜੁੜੀ ਗਾਇਕੀ ਨੇ ਦਿਲਸ਼ਾਦ ਦੀ ਪਛਾਣ ਗੂੜ੍ਹੀ ਕਰਨ ਵਿੱਚ ਵੱਡਾ ਯੋਗਦਾਨ ਪਾਇਆ। ਲੰਘੇ ਵੇਲ਼ੇ ਵਿਦੇਸ਼ ਜਾਣ ਵਾਲੇ ਨਾਲ ਰਾਬਤਾ ਰੱਖਣ ਦੇ ਏਨੇ ਸਾਧਨ ਨਹੀਂ ਸਨ, ਸੋ ਬਾਹਰ ਜਾਣ ਵਾਲਾ ਏਧਰਲਿਆਂ ਦੀਆਂ ਸੋਚਾਂ 'ਚ ਗੁਆਚਿਆ ਰਹਿੰਦਾ ਤੇ ਏਧਰਲੇ ਉਸ ਦੀ ਯਾਦ 'ਚ ਤੜਫ਼ਦੇ ਰਹਿੰਦੇ। ਉਨ੍ਹੀਂ ਦਿਨੀਂ ਇਸ ਵਿਸ਼ੇ ਨੂੰ ਗੀਤਾਂ 'ਚ ਖ਼ੂਬ ਪਰੋਇਆ ਗਿਆ। ਮਾਲਵੇ ਦੇ ਬਹੁਤ ਸਾਰੇ ਕਲਾਕਾਰਾਂ ਪ੍ਰਵਾਸ ਦਾ ਦਰਦ ਬਿਆਨ ਕੀਤਾ ਤੇ ਉਨ੍ਹਾਂ ਨੂੰ ਸਫ਼ਲਤਾ ਵੀ ਮਿਲੀ। ਦਿਲਸ਼ਾਦ ਵੀ ਉਨ੍ਹਾਂ 'ਚੋਂ ਇੱਕ ਸੀ। ਵਿਦੇਸ਼ ਗਿਆ ਨੌਜਵਾਨ ਪਰਿਵਾਰ ਤੋਂ ਦੂਰ ਹੋਣ ਦਾ ਦੁੱਖ ਤਾਂ ਝੱਲਦਾ ਹੀ ਹੈ, ਅਧਵਾਟੇ ਛੁੱਟੀ ਮੁਹੱਬਤ ਦੇ ਵਿਯੋਗ ਵਿੱਚ ਵੀ ਤੜਫ਼ਦਾ ਹੈ। ਬਾਲ-ਬੱਚੇਦਾਰ ਸਧਰਾਂ ਦੀ ਸਾਥਣ ਤੇ ਨਿੱਕੇ-ਨਿਆਣਿਆਂ ਦਾ ਵਿਯੋਗ ਸਹਾਰਦੈ, ਤੇ ਇਹੀ ਕਸਕ ਜਦੋਂ ਗੀਤਾਂ ਜ਼ਰੀਏ ਪੇਸ਼ ਹੁੰਦੀ ਤਾਂ ਗਾਇਕ ਓਧਰਲਿਆਂ-ਏਧਰਲਿਆਂ ਨੂੰ ਆਪਣਾ ਲੱਗਣ ਲੱਗਦਾ। ਦਿਲਸ਼ਾਦ ਦੇ ਸਭ ਤੋਂ ਵੱਧ ਮਕਬੂਲ ਗੀਤਾਂ ਵਿਚੋਂ ਦੋ 'ਮਨ ਵਿੱਚ ਵਸਨੈਂ ਸੱਜਣਾ ਵੇ ਰਹਿਨੈਂ ਅੱਖੀਆਂ ਤੋਂ ਦੂਰ' ਤੇ

'ਚਿੱਠੀ ਦੇ ਵਿੱਚ ਲਿਖਦੀਂ ਹੁਣ ਕੀ ਹਾਲ ਪ੍ਰੀਤੋ ਦਾ' ਏਸੇ ਦਰਦ ਨਾਲ ਸਬੰਧਤ ਹਨ।

ਦਿਲਸ਼ਾਦ ਦਾ ਗੀਤ 'ਚਰਖਾ ਬੋਲ ਪਿਆ' ਸੁਣ ਪਤਾ ਲੱਗਦੈ ਕਿ ਉਸ ਨੂੰ ਵਿਸਰਦੇ ਵਿਰਸੇ ਦੀ ਕਿੰਨੀ ਚਿੰਤਾ ਸੀ। ਪੁਰਾਣੇ ਪੰਜਾਬ ਦੀਆਂ ਅਲੋਪ ਹੁੰਦੀਆਂ ਨਿਸ਼ਾਨੀਆਂ ਨਾਲ ਕਿੰਨਾ ਮੋਹ ਸੀ। ਉਸ ਨੂੰ ਦੁੱਖ ਸੀ ਕਿ ਨਾ ਪੰਜਾਬੀ ਗੱਭਰੂਆਂ ਅੰਦਰ ਪਹਿਲਾਂ ਵਰਗਾ ਪਿਆਰ ਹੈ ਤੇ ਨਾ ਹੀ ਮੁਟਿਆਰਾਂ ਅੰਦਰ। ਗੱਭਰੂ ਹੱਥੀਂ ਕੰਮ ਕਰਨਾ ਭੁੱਲਦੇ ਜਾ ਰਹੇ ਨੇ ਤੇ ਮੁਟਿਆਰਾਂ ਚਰਖਾ ਕੱਤਣ, ਦਰੀਆਂ ਬੁਣਨ, ਫੁਲਕਾਰੀਆਂ ਕੱਢਣ ਅਤੇ ਹਸਤ ਕਲਾ ਦੇ ਹੋਰ ਨਮੂਨਿਆਂ ਤੋਂ ਅਣਜਾਣ ਹੋ ਚੱਲੀਆਂ ਨੇ। ਕਿੰਨਾ ਖ਼ੂਬਸੂਰਤ ਸੀ ਉਸ ਦਾ ਇਹ ਗੀਤ :

ਤੀਆਂ ਤੇ ਤ੍ਰਿੰਝਣਾਂ 'ਚ ਗੀਤ ਨਾ ਰਹੇ,
ਸੱਗੀ ਫੁੱਲ, ਕੋਕਰੂ, ਤਵੀਤ ਨਾ ਰਹੇ।
ਪਿੰਡ ਵਾਲੇ ਖੂਹ 'ਤੇ ਨਾ ਰਹੀਆਂ ਰੌਣਕਾਂ,
ਖੌਰੇ ਕਿਹੜੇ ਪਾਸੇ ਉੱਡ ਗਈਆਂ ਰੌਣਕਾਂ,
ਕਿੱਥੇ ਤੁਰ ਗਏ ਨੇ ਸੱਜਣ ਪਿਆਰੇ,
ਨੀਂ ਚਰਖਾ ਬੋਲ ਪਿਆ,
ਕਿਤੇ ਸੁਣ ਅੱਲ੍ਹੜੇ ਮੁਟਿਆਰੇ।

ਜਿਨ੍ਹੀਂ ਦਿਨੀਂ ਦਿਲਸ਼ਾਦ ਦੀ ਚੜ੍ਹਤ ਸੀ, ਉਦੋਂ ਮਾਲਵੇ 'ਚ ਕੀਰਨਿਆਂ ਵਾਲੇ ਗੀਤਾਂ ਦਾ ਰਿਵਾਜ ਜ਼ੋਰ ਫੜ ਚੁੱਕਾ ਸੀ। ਦਿਲਸ਼ਾਦ ਨੇ ਕੁੱਝ ਕੁ ਰੋਣ-ਧੋਣ ਵਾਲੇ ਗੀਤ ਵੀ ਗਾਏ, ਪਰ ਉਹ ਏਨੇ ਨੀਂਵੇਂ ਦਰਜੇ ਦੇ ਨਹੀਂ ਕਿ ਉਨ੍ਹਾਂ 'ਤੇ ਹੈਰਾਨੀ ਹੋਵੇ।

ਇਹ ਦਿਲਸ਼ਾਦ ਦੀ ਗਾਇਕੀ ਦੀ ਕਮਾਲ ਸੀ ਕਿ ਉਨ੍ਹੀਂ ਦਿਨੀਂ ਬਣੀਆਂ ਕਈ ਫ਼ਿਲਮਾਂ ਵਿੱਚ ਉਸ ਦੇ ਗੀਤ ਸ਼ਾਮਲ ਕੀਤੇ ਗਏ। ਇੱਕ ਫ਼ਿਲਮ ਵਿੱਚ ਉਸ 'ਤੇ ਅਖਾੜਾ ਫ਼ਿਲਮਾਇਆ ਗਿਆ, ਜਿਸ ਵਿੱਚ ਉਸ ਨੇ ਦਮਦਾਰ ਅਵਾਜ਼ 'ਚ ਗਾਇਆ, 'ਨੀਂ ਮੈਂ ਚੁਣ-ਚੁਣ ਮਾਰਾਂ ਸੂਰਮੇ' ਤੇ ਚਿਮਟਾ ਹੱਥ 'ਚ ਫੜੀ ਏਦਾਂ ਪੇਸ਼ਕਾਰੀ ਕਰਦਾ ਦਿਸਿਆ, ਜਿਵੇਂ ਫ਼ਿਲਮੀ ਦ੍ਰਿਸ਼ ਨਾ ਹੋ ਕੇ ਸੱਚੀਂ-ਮੁੱਚੀਂ ਰਣ ਭੂਮੀ 'ਚ ਕਿਸੇ ਨੂੰ ਵੰਗਾਰ ਰਿਹਾ ਹੋਵੇ।

ਸਾਫ਼-ਸੁਥਰੇ ਗੀਤਾਂ ਦੀ ਗਾਇਕਾ ਵਜੋਂ ਜਾਣੀ ਜਾਂਦੀ ਦਿਲਸ਼ਾਦ ਦੀ ਭੈਣ ਮਨਪ੍ਰੀਤ ਅਖ਼ਤਰ ਦਾ ਆਖਣੈ, 'ਜਦੋਂ ਵੀਰ ਜਿਉਂਦਾ ਸੀ, ਉਦੋਂ ਗੱਲਾਂ ਹੋਰ ਸਨ, ਪਰ ਮੋਇਆਂ ਨੂੰ ਯਾਦ ਰੱਖਣਾ ਪੰਜਾਬੀਆਂ ਦੇ ਸੁਭਾਅ ਵਿੱਚ ਸ਼ਾਮਲ ਨਹੀਂ।'

ਕੋਟਕਪੂਰੇ ਦੀ ਕਿਸੇ ਸੰਸਥਾ ਨੇ ਦਿਲਸ਼ਾਦ ਦੀ ਯਾਦ 'ਚ ਕੋਈ ਮੇਲਾ ਜਾਂ ਹੋਰ ਗਤੀਵਿਧੀ ਜਾਰੀ ਨਾ ਰੱਖੀ, ਪਰ ਮਨਪ੍ਰੀਤ ਦੇ ਸਹਿਯੋਗ ਨਾਲ ਲੌਂਗੋਵਾਲ 'ਚ ਦਿਲਸ਼ਾਦ ਪ੍ਰੇਮੀਆਂ ਨੇ ਗਿਆਰਾਂ ਸਾਲ ਲਗਾਤਾਰ ਮੇਲਾ ਲਾਇਆ। ਮਨਪ੍ਰੀਤ ਮੁਤਾਬਕ, 'ਮੌਤ ਵੇਲ਼ੇ ਦਿਲਸ਼ਾਦ ਦੇ ਵਿਆਹ ਨੂੰ ਪੰਜ-ਛੇ ਸਾਲ ਹੋ ਚੁੱਕੇ ਸਨ, ਪਰ ਕੋਈ ਬੱਚਾ ਨਹੀਂ ਸੀ...ਜਦੋਂ ਉਹ ਵਿਦੇਸ਼ਾਂ 'ਚ ਗਾਉਂਦੀ ਏ ਤਾਂ ਲੋਕ ਉਸ ਨੂੰ ਦਿਲਸ਼ਾਦ ਦੀ ਭੈਣ ਹੋਣ ਕਰਕੇ ਖ਼ੂਬ ਸਤਿਕਾਰ ਦਿੰਦੇ ਨੇ ਤੇ ਦਿਲਸ਼ਾਦ ਦੀ ਸੰਤਾਨ ਬਾਰੇ ਪੁੱਛ ਕੇ ਰੁਆ ਛੱਡਦੇ ਨੇ...।'

ਦਿਲਸ਼ਾਦ ਦਾ ਭਰਾ ਗੁਰਾਂਦਿੱਤਾ ਖ਼ਾਨ ਐਫ਼.ਸੀ.ਆਈ. ਵਿੱਚ ਨੌਕਰੀ ਕਰਦਾ ਹੈ ਤੇ ਮਨਪ੍ਰੀਤ ਖੁਦ ਪਟਿਆਲੇ ਦੇ ਇੱਕ ਕਾਲਜ ਵਿੱਚ ਸੰਗੀਤ ਦੀ ਪ੍ਰੋਫ਼ੈਸਰ ਹੈ।ਮਨਪ੍ਰੀਤ ਦੇ ਬੱਚਿਆਂ ਨੂੰ ਗਾਉਣ ਦਾ ਸ਼ੌਕ ਹੈ ਤੇ ਉਸ ਨੂੰ ਉਮੀਦ ਹੈ ਕਿ ਉਸ ਦੇ ਨਿਆਣੇ ਮਾਮੇ ਵਾਲੇ ਰਾਹ 'ਤੇ ਜ਼ਰੂਰ ਤੁਰਨਗੇ।

# ਸੁਰਜੀਤ ਬਿੰਦਰਖੀਆ

(1962-2003)

ਕਿੰਨਾ ਰੁਆਇਆ ਸੀ 18 ਨਵੰਬਰ 2003 ਦੀਆਂ ਖ਼ਬਰਾਂ ਨੇ। ਮੋਟੇ ਸਿਰਲੇਖ ਛਪੇ ਸਨ, 'ਬਿੰਦਰਖੀਆ ਨਹੀਂ ਰਿਹਾ...', 'ਬੁਲੰਦ ਅਵਾਜ਼ ਦੇ ਮਾਲਕ ਸੁਰਜੀਤ ਬਿੰਦਰਖੀਆ ਵੱਲੋਂ ਅਲਵਿਦਾ...।' ਕਹੇ-ਸੁਣੇ 'ਤੇ ਯਕੀਨ ਨਹੀਂ ਸੀ ਆ ਰਿਹਾ। ਦਿਮਾ.ਗ ਸੁੰਨ ਜਿਹਾ ਹੋ ਗਿਆ...ਕਿੰਨਾ ਗਹਿਰਾ ਸਦਮਾ ਸੀ ਇਹ। ਜਿਹੜੇ ਬਿੰਦਰਖੀਏ ਦੀ ਲੰਮੀ ਹੇਕ ਤੇ ਧੱਕੜ ਅਵਾਜ਼ ਸਰੋਤਿਆਂ ਦਾ ਪੈਰ ਭੁੰਜੇ ਨਹੀਂ ਸੀ ਲੱਗਣ ਦਿੰਦੀ, ਉਹ ਇਸ ਜਗ ਦਾ ਮੋਹ ਤਿਆਗ ਗਿਆ ਸੀ। ਇੱਕ-ਦੋ ਅਖ਼ਬਾਰਾਂ ਨੇ ਖ਼ਬਰ ਦੇ ਅਖੀਰ 'ਤੇ ਦੋ-ਤਿੰਨ ਸਤਰਾਂ ਲਿਖੀਆਂ ਸਨ, 'ਬਿੰਦਰਖੀਏ ਨੂੰ ਭੈੜੀ ਜਿਹੀ ਬਿਮਾਰੀ ਸੀ...।' 'ਕਿਹੜੀ ਬਿਮਾਰੀ ਹੋਈ ਉਹਨੂੰ...ਸੁਣਿਆ ਤਾਂ ਨਹੀਂ ਸੀ...ਗਾਉਂਦਾ ਵੀ ਚੰਗਾ-ਭਲਾ ਸੀ...', ਪੜ੍ਹਨ ਵਾਲਾ ਇਹੀ ਸੋਚਦਾ ਰਿਹਾ।

ਬਿੰਦਰਖੀਏ ਨੂੰ ਗਿਆਂ ਤਕਰੀਬਨ ਅੱਠ ਸਾਲ ਹੋ ਗਏ ਨੇ, ਪਰ ਉਸ ਦੀ ਅਵਾਜ਼ ਅੱਜ ਵੀ ਸੁਰਜੀਤ ਹੈ ਤੇ ਭਲਕ ਵੀ ਰਹੇਗੀ। ਅੱਜ ਜਣਾ-ਖਣਾ ਖ਼ੁਦ ਨੂੰ 'ਬੁਲੰਦ ਅਵਾਜ਼ ਦਾ ਮਾਲਕ' ਅਖਵਾਉਣ ਦੀ ਕੋਸ਼ਿਸ਼ ਕਰ ਰਿਹੈ, ਪਰ ਅਸਲ 'ਬੁਲੰਦੀ' ਬਿੰਦਰਖੀਏ ਕੋਲ ਹੀ ਸੀ। ਉਸਨੇ ਹਲਕੇ ਵਿਸ਼ਿਆਂ ਵਾਲੇ ਗੀਤ ਵੀ ਇਸ ਅੰਦਾਜ਼ 'ਚ ਗਾਏ ਕਿ ਸੁਣਨ ਵਾਲੇ ਬੋਲ ਭੁੱਲ ਅੰਦਾਜ਼ 'ਚ ਰੰਗੇ ਗਏ। ਡੀ.ਜੇ ਗਰੁੱਪਾਂ ਵਾਲੇ ਅੱਜ ਵੀ 'ਤੇਰੇ 'ਚ ਤੇਰਾ ਯਾਰ ਬੋਲਦਾ', 'ਦੁਪੱਟਾ ਤੇਰਾ ਸੱਤ ਰੰਗ ਦਾ', 'ਲੱਕ ਟੁਨੂੰ-ਟੁਨੂੰ' ਗੀਤ ਵਾਰ-ਵਾਰ ਚਲਾਉਂਦੇ ਨੇ ਤੇ ਲੋਰ 'ਚ ਆਇਆ ਮੇਲ-ਗੇਲ ਇਨ੍ਹਾਂ ਗੀਤਾਂ 'ਤੇ ਬੱਕਰੇ ਬੁਲਾਉਂਦਾ ਰਹਿੰਦੈ।

ਕਲਾਕਾਰਾਂ ਦਾ ਜਿਊਣ ਵੀ ਨਿਰਾਲਾ ਹੁੰਦੈ। ਜਦੋਂ ਨਾਂਅ ਦਾ ਦਾਇਰਾ ਵਧਦੈ, ਪ੍ਰਸ਼ੰਸਕਾਂ ਦੀ ਗਿਣਤੀ ਲੱਖਾਂ ਤੱਕ ਅੱਪੜਦੀ ਏ ਤਾਂ ਖਾਰ ਖਾਣ ਵਾਲੇ ਵੀ ਕੌੜੀ ਵੇਲ ਵਾਂਗ ਵਧਣ ਲੱਗਦੇ ਨੇ। ਜਿਉਂ-ਜਿਉਂ ਬਿੰਦਰਖੀਆ ਅੱਗੇ ਵਧਦਾ ਗਿਆ, ਪੈਰ ਮਿੱਧਣ ਵਾਲਿਆਂ ਦੀ ਗਿਣਤੀ ਵੀ ਵਧਦੀ ਗਈ। ਜਦੋਂ ਉਹ ਤੁਰ ਗਿਆ ਤਾਂ ਕਈਆਂ ਨੇ ਖੁਸ਼ੀ ਮਨਾਈ, ਪਰ ਖੁਸ਼ੀ ਮਨਾਉਣ ਵਾਲਿਆਂ 'ਚੋਂ ਹਾਲੇ ਤੱਕ ਕੋਈ ਏਨਾ ਕਾਮਯਾਬ ਨਹੀਂ ਹੋ ਸਕਿਆ, ਜਿਸਦੀ ਤੁਲਨਾ ਉਸ ਨਾਲ ਕੀਤੀ ਜਾ ਸਕੇ।

ਬਿੰਦਰਖੀਏ ਬਾਰੇ ਬੜੀਆਂ ਗੱਲਾਂ ਮਸ਼ਹੂਰ ਨੇ, ਕਈ ਉਸਦੇ ਵਡੱਪਣ ਨੂੰ ਦਰਸਾਉਂਦੀਆਂ ਨੇ ਤੇ ਕਈਆਂ ਤੋਂ ਪਰਦਾ ਚੁੱਕਣਾ ਸਿਆਣਪ ਦੀ ਗੱਲ ਨਹੀਂ। ਉਹ ਸਿੱਧਾ ਬੰਦਾ ਸੀ ਤੇ ਕਲਾਕਾਰਾਂ ਵਾਲੇ ਟਸ਼ਨਿਆਂ-ਮਸ਼ਨਿਆਂ ਤੋਂ ਦੂਰ ਰਹਿੰਦਾ ਸੀ। ਉਹਨੇ ਕਈਆਂ ਦੇ ਸੁੱਤੇ ਭਾਗ ਜਗਾਏ, ਟੀਮ ਬਣਾ ਕੇ ਚੱਲਣ ਵਾਲੇ ਸਾਥੀਆਂ ਨੂੰ ਖਾਸ ਮੁਕਾਮ ਦਿਵਾਇਆ, ਪਰ ਉਸਦੇ ਜਾਂਦਿਆਂ ਸਭ ਕੁੱਝ ਖਿੱਲਰ ਗਿਆ। ਸਭ ਤੋਂ ਵੱਧ ਗੀਤ ਉਸਨੇ ਸ਼ਮਸ਼ੇਰ ਸੰਧੂ ਦੇ ਗਾਏ, ਗੀਤਾਂ ਨੂੰ ਸੰਗੀਤ 'ਚ ਅਤੁਲ ਸ਼ਰਮਾ ਨੇ ਪਰੁੰਨਿਆ ਤੇ ਕੰਪਨੀ 'ਟੀ-ਸੀਰੀਜ਼' ਰਹੀ। ਜਿਉਂ-ਜਿਉਂ ਬਿੰਦਰਖੀਏ ਦੀ ਗੁੱਡੀ ਚੜ੍ਹੀ, ਨਾਲ ਰਹਿਣ ਵਾਲਿਆਂ ਦਾ ਨਾਂਅ ਵੀ ਚੜ੍ਹਦਾ ਗਿਆ। ਅਤੁਲ ਸ਼ਰਮਾ ਨੂੰ ਪਤਾ ਸੀ ਕਿ ਉਸ ਕੋਲੋਂ ਕਿਹੜਾ ਗੀਤ ਕਿਵੇਂ ਗੁਆਉਣੈ, ਕਿੱਥੇ ਹੇਕ ਦੀ ਲੋੜ ਏ, ਕਿਹੜੇ ਗੀਤ 'ਚ ਟੱਪੇ ਹੋਣੇ ਚਾਹੀਦੇ ਨੇ, ਕਿਹੜੇ ਗੀਤ ਦੀ ਸ਼ੁਰੂਆਤ ਮੌਕੇ ਕੁੜੀਆਂ ਦੀ ਅਵਾਜ਼ ਲੋੜੀਂਦੀ ਏ। ਜਿਵੇਂ ਗੁਰਦਾਸ ਮਾਨ ਕੋਲੋਂ ਜੈਦੇਵ ਵਧੀਆ ਗੁਆ ਸਕਦੈ, ਪੰਮੀ ਬਾਈ ਕੋਲੋਂ ਕੁਲਜੀਤ, ਜੈਜ਼ੀ ਬੈਂਸ ਕੋਲੋਂ ਸੁਖਸ਼ਿੰਦਰ ਸ਼ਿੰਦਾ ਤੇ ਮਨਮੋਹਨ ਵਾਰਿਸ-ਕਮਲ ਹੀਰ ਕੋਲੋਂ ਸੰਗਤਾਰ, ਉਸੇ ਤਰ੍ਹਾਂ ਸੁਰਜੀਤ ਦੀ ਅਵਾਜ਼ ਤੇ ਅੰਦਾਜ਼ ਬਾਰੇ ਅਤੁਲ ਹਰ ਪੱਖ ਤੋਂ ਜਾਣਦਾ ਸੀ।

ਜੇ ਇਹ ਕਿਹਾ ਜਾਵੇ ਕਿ ਬਿੰਦਰਖੀਏ ਦੀ ਦਮਦਾਰ ਅਵਾਜ਼ ਨੇ ਗੀਤਾਂ ਦੇ ਬੋਲਾਂ, ਵੀਡੀਓਜ਼ ਦੇ ਪੱਧਰ ਅਤੇ ਉਸ ਦੀ ਸਟੇਜੀ ਪੇਸ਼ਕਾਰੀ ਵੱਲ ਬਹੁਤਾ ਧਿਆਨ ਨਹੀਂ ਜਾਣ ਦਿੱਤਾ ਤਾਂ ਅਤਿਕਥਨੀ ਨਹੀਂ ਹੋਵੇਗੀ। ਉਹ ਭੰਗੜੇ ਵਾਲੇ ਗੀਤਾਂ ਦਾ ਬਾਦਸ਼ਾਹ ਸੀ, ਪਰ ਆਪ ਘੱਟ ਹੀ ਨੱਚਦਾ। ਉਹਦੇ ਗਾਉਣ ਵੇਲੇ ਮਸਤੀ 'ਚ ਆਏ ਭੈਣ-ਭਰਾ, ਪਤੀ-ਪਤਨੀ ਰਿਸ਼ਤਿਆਂ ਨੂੰ ਭੁੱਲ ਜਾਂਦੇ ਤੇ 'ਤੂੰ ਨੀਂ ਬੋਲਦੀ ਰਕਾਨੇ ਤੂੰ ਨ੍ਹੀਂ ਬੋਲਦੀ ਤੇਰੇ 'ਚ ਤੇਰਾ ਯਾਰ ਬੋਲਦਾ' 'ਤੇ ਵੀ ਭੰਗੜਾ ਪਾਉਂਦੇ ਰਹਿੰਦੇ। ਇਹੋ ਜਿਹੇ ਗੀਤਾਂ ਦੀ ਸਮੇਂ-ਸਮੇਂ ਆਲੋਚਨਾ ਵੀ ਹੋਈ, ਪਰ ਉਸ ਦੀ ਚੜ੍ਹਤ ਨੂੰ ਬਹੁਤਾ ਫ਼ਰਕ ਨਾ ਪਿਆ।

ਬਹੁਤ ਘੱਟ ਲੋਕ ਜਾਣਦੇ ਨੇ ਕਿ 15 ਅਪ੍ਰੈਲ 1962 ਨੂੰ ਜਨਮਿਆ ਬਿੰਦਰਖੀਆ ਗਾਉਣ ਤੋਂ ਪਹਿਲਾਂ ਭਲਵਾਨੀ ਕਰਦਾ ਸੀ। ਉਸ ਦੀ ਕਿਸਮਤ 'ਚ ਅਖਾੜਿਆਂ ਦੀ ਵਾਹ-ਵਾਹ ਲਿਖੀ ਸੀ, ਸ਼ਾਇਦ ਏਸੇ ਕਰਕੇ ਜਦੋਂ ਉਹ ਨਿੱਕਰ-ਬੁਨੈਣ ਵਾਲੀ ਭਲਵਾਨੀ ਛੱਡ ਗਾਇਕੀ ਦੇ ਅਖਾੜੇ 'ਚ ਨਿੱਤਰਿਆ ਤਾਂ ਵੱਡੇ-ਵੱਡੇ ਗਾਇਕਾਂ ਨੂੰ ਪਾਸੇ ਕਰ ਗਿਆ। ਜ਼ੋਰ ਅਜ਼ਮਾਇਸ਼ ਵਾਲੀ ਭਲਵਾਨੀ ਉਸ ਨੂੰ ਵਿਰਸੇ 'ਚ ਮਿਲੀ ਸੀ, ਕਿਉਂਕਿ ਪਿਤਾ ਜੀ ਸੁੱਚਾ ਸਿੰਘ ਮੰਨੇ-ਪ੍ਰਮੰਨੇ ਭਲਵਾਨ

ਸਨ। ਸੁਰਜੀਤ ਬਾਪ ਦੇ ਨਕਸ਼ੇ ਕਦਮਾਂ 'ਤੇ ਚੱਲਣ ਲੱਗਾ, ਫੇਰ ਜ਼ਿੰਦਗੀ ਨੇ ਮੋੜ ਕੱਟਿਆ ਤੇ ਉੱਚੀ-ਲੰਮੀ ਹੇਕ, ਦਿਲ ਟੁੰਬਵਾਂ ਅੰਦਾਜ਼ ਉਸ ਨੂੰ ਸਭਨਾਂ ਦਾ ਚਹੇਤਾ ਬਣਾ ਗਿਆ।

ਪਹਿਲੀ ਕੈਸਿਟ ਤੋਂ ਆਖਰੀ ਗੀਤ 'ਤਿੜਕੇ ਘੜੇ ਦਾ ਪਾਣੀ ਮੈਂ ਕੱਲ੍ਹ ਤੱਕ ਨਹੀਂ ਰਹਿਣਾ' ਤੱਕ ਉਸਨੇ ਪੰਜਾਬੀ ਗਾਇਕੀ ਦੀ ਪਿੱਚ 'ਤੇ ਅਜਿਹਾ ਟਵੰਟੀ-20 ਮੈਚ ਖੇਡਿਆ ਕਿ 'ਟੀ-ਸੀਰੀਜ਼' ਦੇ ਮੁੰਬਈ ਦਫ਼ਤਰ ਦੇ ਨਾਲ-ਨਾਲ ਹਰ ਸਰੋਤੇ ਦਾ ਮਹਿਰਮ ਬਣਿਆ ਰਿਹਾ। ਚੜ੍ਹਤ ਦੇ ਦਿਨਾਂ 'ਚ ਉਸ ਦਾ ਦਾਰੂ ਨਾਲ ਯਾਰਾਨਾ ਪੈ ਗਿਆ, ਨੇੜਲੇ ਸੰਗੀ ਉਸ ਨੂੰ ਰੋਕਦੇ ਵੀ, ਪਰ ਉਹ ਮਸਤ ਰਹਿੰਦਾ।

ਬਿੰਦਰਖੀਏ ਦੀਆਂ ਤੀਹ ਤੋਂ ਵੱਧ ਕੈਸਿਟਾਂ ਦੇ ਚਾਰ ਦਰਜਨ ਤੋਂ ਵੱਧ ਗੀਤਾਂ ਨੂੰ ਵਾਰ-ਵਾਰ ਸੁਣਦਿਆਂ ਪਤਾ ਲੱਗਦੈ ਕਿ ਉਸਨੇ ਆਪਣੀ ਗਾਇਕੀ ਜ਼ਰੀਏ ਇਸ਼ਕ ਦੇ ਪੱਟਿਆਂ ਦੀ ਹਾਲ ਦੁਹਾਈ, ਝਕਾਨੀ ਦੇਣ ਵਾਲੀਆਂ ਪ੍ਰੇਮਿਕਾਵਾਂ, ਮਜਬੂਰੀ ਮਾਰੇ ਪਿਆਰ ਤੇ ਇਸ਼ਕ ਦੀ ਪੀਂਘ ਝੂਟਣ ਲਈ ਕਾਹਲੇ ਚੋਬਰਾਂ ਦੀ ਬਾਤ ਜ਼ਿਆਦਾ ਪਾਈ। ਕੁੱਝ ਗੀਤ ਸਮਾਜਿਕ ਸਰੋਕਾਰਾਂ ਨਾਲ ਵੀ ਜੁੜੇ ਨੇ, ਪਰ ਜ਼ਿਆਦਾ ਵਿਸ਼ੇ ਸ਼ਰਾਰਤੀ ਰਹੇ, ਜਿਨ੍ਹਾਂ ਦਾ ਇਕੋ-ਇੱਕ ਮਕਸਦ ਕੈਸਿਟ ਦੀ ਕਾਮਯਾਬੀ ਨਾਲ ਜੁੜਿਆ ਸੀ। ਬਿੰਦਰਖੀਏ ਦਾ ਪ੍ਰਭਾਵ ਉਦਾਸ ਗੀਤਾਂ ਵਾਲੇ ਗਾਇਕ ਵਜੋਂ ਨਾ ਸਿਰਜਿਆ ਜਾ ਸਕਿਆ। ਉਸਨੇ 'ਦਿਲ ਕਾਲੇ ਨੇ ਤੇ ਸੂਰਤਾਂ ਪਿਆਰੀਆਂ, ਕੱਚੇ ਤੰਦਾਂ ਜਿਹੀਆਂ ਅੱਜ-ਕੱਲ੍ਹ ਯਾਰੀਆਂ' ਅਤੇ 'ਦਿਲ ਵੱਖ ਰੋਵੇ, ਅੱਖ ਰੋਵੇ ਵੱਖ ਹਾਨਣੇ' ਗੀਤ ਵੀ ਇੰਜ ਗਾਏ ਕਿ ਉਦਾਸੀ ਭੋਰਾ ਨਜ਼ਰ ਨਾ ਆਈ।

'ਮੁੱਖੜਾ ਦੇਖ ਕੇ' ਕੈਸਿਟ ਧਿਆਨ ਨਾਲ ਸੁਣੋ। 'ਦਿਲ ਤਾਂ ਪਤਾ ਨਹੀਂ ਤੇਰਾ ਕਿਹੋ ਜਿਹਾ ਹੋਣਾ ਮੈਂ ਤਾਂ ਮੁੱਖੜਾ ਦੇਖ ਕੇ ਮਰ ਗਿਆ ਨੀਂ' ਗੀਤ ਇਸ਼ਕ ਦੇ ਤਜਰਬੇ ਜ਼ਾਹਰ ਕਰਦਾ ਹੈ। ਲਿਸ਼ਕਾਂ ਮਾਰਦੀ ਖ਼ੂਬਸੂਰਤੀ ਦਾ ਕੀਲਿਆ ਅੰਦਰਲੀ ਕਾਲਖ਼ ਬਾਰੇ ਸੋਚ ਹੀ ਨਾ ਸਕਿਆ। ਏਸੇ ਕੈਸਿਟ ਵਿੱਚ ਬਿੰਦਰਖੀਏ ਦਾ ਸਵਾਲਨੁਮਾ ਗੀਤ ਕਿੰਨਾ ਮਕਬੂਲ ਹੋਇਆ, ਜਿਸ ਵਿੱਚ ਮੁਟਿਆਰ ਆਪਣੇ ਭਰਾਵਾਂ ਦੇ ਜ਼ੋਰ ਦੀ ਗੱਲ ਕਰਦੀ ਉਸ ਨੂੰ ਝੂਠਾ-ਮੂਠਾ ਖੰਘਣੋਂ ਮਨ੍ਹਾਂ ਕਰਦੀ ਹੈ, ਪਰ ਉਹ ਜਵਾਨੀ ਦੇ ਜ਼ੋਰ 'ਚ ਸਭ ਗੱਲਾਂ ਟਿੱਚ ਜਾਣਦਾ ਹੈ। ਉਸ ਨੂੰ ਖੁਦ 'ਤੇ ਮਾਣ ਹੈ, ਤਰਕ ਪੱਲੇ ਬੰਨਿਆ ਹੋਇਐ ਕਿ ਸਰਕਾਰੀ ਗਲੀਆਂ ਕਿਸੇ ਦੀ ਜਗੀਰ ਨਹੀਂ ਤੇ ਸਿਰਜਣਹਾਰੇ ਵੱਲੋਂ ਲਾਈਆਂ ਅੱਖਾਂ ਦੇ ਦੇਖਣ 'ਤੇ ਕੋਈ ਪਾਬੰਦੀ ਨਹੀਂ ਲਾ ਸਕਦਾ :

ਸਾਨੂੰ ਟੇਢੀ-ਟੇਢੀ ਤੱਕਦੀ ਤੂੰ,

ਇਹ ਗਲੀ ਸਰਕਾਰੀ ਏ,
ਸਾਨੂੰ ਰੋਕ ਨਈਂ ਸਕਦੀ ਤੂੰ।

ਬਿੰਦਰਖੀਏ ਦੀ ਗਾਇਕੀ ਦਾ ਇੱਕ ਹੋਰ ਪਹਿਲੂ ਗੀਤਾਂ ਵਿੱਚ ਟੱਪਿਆਂ ਤੇ ਬੋਲੀਆਂ ਨੂੰ ਸਫ਼ਲ ਢੰਗ ਨਾਲ ਫਿੱਟ ਕਰਨਾ ਰਿਹਾ। ਭਾਵੇਂ ਇਹ ਤਜਰਬਾ ਪਹਿਲੀ ਵਾਰ ਨਹੀਂ ਸੀ ਹੋਇਆ ਤੇ ਕਈ ਗਾਇਕ ਏਦਾਂ ਕਰ ਚੁੱਕੇ ਸਨ, ਪਰ ਬਿੰਦਰਖੀਆ ਇਸ ਨੂੰ ਇੰਜ ਨਿਭਾਉਂਦਾ ਕਿ ਪਤਾ ਹੀ ਨਾ ਲੱਗਦਾ ਗੀਤ ਕਿਹੜੇ ਵੇਲ਼ੇ ਮੋੜ ਕੱਟ ਕੇ ਮੁੱਖ ਧਾਰਾ 'ਚ ਆ ਗਿਆ। ਜਿਵੇਂ ਕਮਲ ਹੀਰ ਨੇ 'ਖੌਰੇ ਹੋਈ ਜਾਂਦਾ ਮੈਨੂੰ ਕੀ, ਹਾਏ ਨੀਂ ਤੈਨੂੰ ਨੱਚਦੀ ਦੇਖ ਕੇ' 'ਚ 'ਚਾਂਦੀ...ਚਾਂਦੀ...ਚਾਂਦੀ, ਤੂੰ ਉੱਡਣੇ ਨੂੰ ਕਰੇਂ ਗੋਰੀਏ ਖੰਭ ਹੁੰਦੇ ਤਾਂ ਕਦੋਂ ਦੀ ਉੱਡ ਜਾਂਦੀ' ਬੋਲੀ ਫਿੱਟ ਕੀਤੀ, ਉਸੇ ਤਰ੍ਹਾਂ ਬਿੰਦਰਖੀਏ ਦੇ 'ਦੁਪੱਟਾ ਤੇਰਾ ਸੱਤ ਰੰਗ ਦਾ' ਗੀਤ ਵਿੱਚ ਵਧੀਆ ਢੰਗ ਨਾਲ ਟੱਪੇ ਫਿੱਟ ਕੀਤੇ ਗਏ।

ਬਿੰਦਰਖੀਏ ਦੇ ਕਈ ਗੀਤਾਂ 'ਤੇ ਕਿੰਤੂ ਹੁੰਦੀ ਰਹੀ ਕਿ ਬੋਲਾਂ ਨਾਲ ਵੀਡੀਓ ਦਾ ਕੋਈ ਮੇਲ ਨਹੀਂ ਹੁੰਦਾ। ਇਹ ਘਟਨਾ ਲਗਭਗ ਸਾਰੇ ਗਾਇਕਾਂ ਨਾਲ ਚੜ੍ਹਤ ਦੇ ਦਿਨਾਂ ਮੌਕੇ ਵਾਪਰਦੀ ਹੈ। ਚੜ੍ਹਤ ਦੇ ਦਿਨਾਂ 'ਚ ਕਲਾਕਾਰ ਪ੍ਰੋਗਰਾਮਾਂ, ਵਿਦੇਸ਼ੀ ਦੌਰਿਆਂ ਜਾਂ ਹੋਰ ਕੰਮਾਂ-ਕਾਜਾਂ 'ਚ ਏਨਾ ਮਸ਼ਰੂਫ਼ ਰਹਿੰਦੈ ਕਿ ਵੀਡੀਓ ਡਾਇਰੈਕਟਰ ਨਾਲ ਮਿਲ ਬਹਿਣ ਦਾ ਸਮਾਂ ਨਹੀਂ ਬਚਦਾ। ਬੰਬੇ ਮਾਰਕਾ ਵੀਡੀਓ ਡਾਇਰੈਕਟਰਾਂ ਨੂੰ ਪਤਾ ਨਹੀਂ ਹੁੰਦਾ ਕਿ ਵੀਡੀਓ ਕਿਸ ਗੱਲ ਦੀ ਮੰਗ ਕਰਦੈ ਤੇ ਉਹ 'ਸਟਾਈਲਿਸ਼' ਦੇ ਚੱਕਰ 'ਚ ਸਭ ਹੱਦਾਂ-ਬੰਨੇ ਟੱਪ ਜਾਂਦੇ ਨੇ। ਬਿੰਦਰਖੀਏ ਨਾਲ ਇਹ ਸਭ ਕਈ ਵਾਰ ਹੋਇਆ। 'ਮੋਢੇ ਤੋਂ ਤਿਲਕਦਾ ਜਾਵੇ, ਦੁਪੱਟਾ ਤੇਰਾ ਸੱਤ ਰੰਗ ਦਾ' ਗੀਤ 'ਚ ਮੁਟਿਆਰ ਦੇ ਸਿਰ 'ਤੇ ਦੁਪੱਟੇ ਨਾਂਅ ਦੀ ਕੋਈ ਚੀਜ਼ ਨਹੀਂ। ਇਸ ਗੀਤ ਬਾਰੇ ਵਾਹਵਾ ਗੱਲਾਂ ਹੋਈਆਂ, ਪਰ ਸਾਡੀ ਜਾਚੇ ਬਿੰਦਰਖੀਆ ਬਹੁਤਾ ਕਸੂਰਵਾਰ ਨਹੀਂ ਸੀ। ਉਹ ਤਾਂ ਪ੍ਰੋਗਰਾਮਾਂ ਤੇ ਕੈਸਿਟ ਦੀ ਤਿਆਰੀ ਤੱਕ ਜ਼ਿੰਮੇਵਾਰ ਸੀ, ਬਾਕੀ ਕੰਮ ਉਸਦੇ ਪ੍ਰਬੰਧਕਾਂ ਦੀ ਨਿਗਰਾਨੀ ਹੇਠ ਹੁੰਦਾ ਸੀ।

ਬਿੰਦਰਖੀਏ ਦੇ ਬਹੁਤੇ ਮਕਬੂਲ ਗੀਤਾਂ ਦੇ ਵੀਡੀਓ ਦੇਸੀ ਹਨ, ਘੱਟ ਬੱਜਟ ਵਾਲੇ। 'ਤੇਰੇ 'ਚ ਤੇਰਾ ਯਾਰ ਬੋਲਦਾ' ਸਟੇਜ 'ਤੇ ਸਾਦੇ ਢੰਗ ਨਾਲ ਤਿਆਰ ਕੀਤਾ ਗਿਆ, ਜਿਸ 'ਚ ਨੱਚਣ ਵਾਲੀ ਮੁਟਿਆਰ ਦੇ ਠੁਮਕਿਆਂ ਨੇ ਸਭ ਦਾ ਧਿਆਨ ਖਿੱਚਿਆ ਤੇ ਬਿੰਦਰਖੀਏ ਦੇ ਅੱਖਾਂ ਅਤੇ ਹੱਥਾਂ ਦੇ ਇਸ਼ਾਰਿਆਂ ਨੇ। 'ਪੱਟੀ ਫ਼ੈਸ਼ਨਾਂ ਦੀ ਹੱਥ 'ਚ ਰੁਮਾਲ ਰੱਖਦੀ' ਵੀ ਸਟੇਜ 'ਤੇ ਫ਼ਿਲਮਾਇਆ ਗਿਆ ਤੇ 'ਇੱਕ

ਫੁੱਲ ਕੱਢਦਾ ਫੁਲਕਾਰੀ' ਸਮੇਤ ਹੋਰ ਕਈ ਗੀਤਾਂ ਦੇ ਵੀਡੀਓਜ਼ ਭਾਵੇਂ ਬਹੁਤੇ ਮਹਿੰਗੇ ਨਹੀਂ ਸਨ, ਪਰ ਅਵਾਜ਼ ਦੇ ਪ੍ਰਭਾਵ ਅੱਗੇ ਮਹਿੰਗੇ-ਸਸਤੇ ਦਾ ਮੁੱਲ ਨਾ ਰਿਹਾ।

ਉਸਦੇ ਕਈ ਗੀਤਾਂ 'ਚ 'ਯਾਰ' ਤੇ 'ਯਾਰੀ' ਸ਼ਬਦ ਵਾਰ-ਵਾਰ ਦੁਹਰਾਇਆ ਗਿਆ। 'ਝਾਂਜਰ ਪਤਲੋ ਦੀ ਸਿਖਰ ਦੁਪਹਿਰੇ ਛਣਕੇ' 'ਚ ਇਹ ਜ਼ਿਕਰ ਵਾਰ-ਵਾਰ ਆਉਂਦਾ ਹੈ :

ਔਹ ਜਾਂਦੀ ਇੱਕ ਕੁੜੀ ਕੁਆਰੀ,
ਕਹਿੰਦੇ ਉਸ ਨੇ ਲਾ ਲਈ ਯਾਰੀ,
ਜਦ ਦੀ ਲਾ ਲਈ ਯਾਰੀ ਯਾਰੋ,
ਰਹਿੰਦੀ ਏ ਬਣ-ਠਣ ਕੇ ,
ਝਾਂਜਰ ਪਤਲੋ ਦੀ ਸਿਖਰ ਦੁਪਹਿਰੇ ਛਣਕੇ।

ਗੀਤ ਦੀਆਂ ਆਖਰੀ ਸਤਰਾਂ 'ਚ ਮੁੜ 'ਯਾਰ' ਦਾ ਜ਼ਿਕਰ ਹੋਇਆ। 'ਮੋਢੇ ਨਾਲ ਮੋਢਾ ਮਾਰ ਕੇ, ਮੋਢਾ ਮਾਰ ਕੇ ਮਜਾਜਣ ਲੰਘ ਗਈ', 'ਅੱਜ ਬਾਂਹ ਦੇ ਵਿੱਚ ਵੰਗ ਹੋਗੀ ਤੰਗ ਕੁੜੀਏ', 'ਤੂੰਬਾ ਵੱਜਦਾ ਦਿਲਾਂ ਦੇ ਵਿਚਕਾਰ ਕੁੜੀਏ, ਸੱਚੀਂ ਮੁੱਚੀਂ-ਸੱਚੀਂ ਮੁੱਚੀਂ ਹੋਗੀ ਮੁਟਿਆਰ ਕੁੜੀਏ', 'ਵੰਗ ਵਰਗੀ ਕੁੜੀ ਦੇ ਨਾਲ ਨੱਚਣੇ ਨੂੰ ਚਿੱਤ ਕਰਦੈ', ' 'ਅੱਖਾਂ ਨਾਲ ਕਰੂ ਹੁਣ ਦਿਲਾਂ ਦੀਆਂ ਚੋਰੀਆਂ', 'ਪਾ ਲੈ ਚੀਚੀ ਵਿੱਚ ਮਿੱਤਰਾਂ ਦਾ ਛੱਲਾ ਕੁੜੀਏ', 'ਨੀਂ ਤੂੰ ਜੱਟ ਦੀ ਪਸੰਦ ਜੱਟ ਨੇ ਵਿਆਹੁਣੀ ਆਂ', 'ਗਿੱਧੇ ਵਿੱਚ ਨੱਚਦੀ ਦਾ ਖੁੱਲ੍ਹ ਗਿਆ ਜਲੇਬੀ ਜੂੜਾ' ਗੀਤਾਂ ਦੇ ਵਿਸ਼ੇ ਸ਼ਰਾਰਤੀ ਹਨ ਤੇ ਜਗ ਜਾਣਦੈ ਕਿ ਇਕਹਿਰਾ-ਇਕਹਿਰਾ ਗੀਤ ਬਿੰਦਰਖੀਏ ਦੇ ਤੁਰ ਜਾਣ ਮਗਰੋਂ ਅੱਜ ਤੱਕ ਚੇਤੇ ਦੀ ਸਲੇਟ 'ਤੇ ਉੱਕਰਿਆ ਹੋਇਐ।

ਬਿੰਦਰਖੀਏ ਨੇ ਦਿਓਰ ਵੱਲੋਂ ਭਾਬੀ ਅੱਗੇ ਕੀਤੀ ਅਰਜ਼ ਵਾਲਾ ਗੀਤ 'ਲਾਟੂ ਦਿਓਰ ਦੇ ਚੁਬਾਰੇ 'ਤੇ ਜਗਾਦੇ ਭਾਬੀਏ' ਵੀ ਗਾਇਆ ਤੇ ਮਾਂਵਾਂ-ਧੀਆਂ ਦੀ ਸਾਂਝ ਵਾਲਾ ਗੀਤ ਏਨੀ ਭਾਵੁਕਤਾ ਨਾਲ ਪੇਸ਼ ਕੀਤਾ ਕਿ ਸੁਣਨ ਸਾਰ ਅੱਖਾਂ ਨਮ ਹੋ ਜਾਂਦੀਆਂ ਨੇ। ਮਾਂ ਦੇ ਜਾਣ ਮਗਰੋਂ ਧੀ ਦਾ ਪੇਕੇ ਆਉਣ ਨੂੰ ਮਨ ਨਹੀਂ ਕਰਦਾ, ਕਿਉਂਕਿ ਦਿਲ ਦੀਆਂ ਗੰਢਾਂ ਖੋਲ੍ਹਣ ਵਾਲਾ ਕੋਈ ਨਹੀਂ ਬਚਿਆ। ਪੇਕੇ ਘਰ ਪਹਿਲਾਂ ਵਰਗੀ ਅਪਣੱਤ ਨਹੀਂ, ਭਰਾ ਆਪਣੀ ਭੈਣ ਲਈ ਕੁੱਝ ਕਰਨਾ ਚਾਹੁੰਦੈ, ਪਰ ਘਰਵਾਲੀ ਦੀ ਘੁਰਕੀ ਕਾਰਨ ਮਜਬੂਰ ਹੈ ਤੇ ਬੁੱਢੇ ਬਾਪੂ ਦੇ ਵੱਸ 'ਚ ਵੈਸੈ ਹੀ ਕੁੱਝ ਨਹੀਂ।

ਕਬਰਾਂ ਵਿਚੋਂ ਬੋਲ ਨੀਂ ਮਾਏ,
ਦੁੱਖ-ਸੁੱਖ ਧੀ ਨਾਲ ਫੋਲ ਨੀਂ ਮਾਏ।
ਆਵਾਂ ਤਾਂ ਮੈਂ ਆਵਾਂ ਮਾਏ,
ਆਵਾਂ ਕਿਹੜੇ ਚਾਵਾਂ ਨਾਲ,
ਮਾਂ ਮੈਂ ਮੁੜ ਨਹੀਂ ਪੇਕੇ ਆਉਣਾ,
ਪੇਕੇ ਹੁੰਦੇ ਮਾਂਵਾਂ ਨਾਲ।

ਬਿੰਦਰਖੀਏ ਦੀ ਗਾਇਕੀ ਦਾ ਪ੍ਰਭਾਵ ਸੀ ਕਿ 'ਦੁਪੱਟਾ ਤੇਰਾ ਸੱਤ ਰੰਗ ਦਾ' ਗੀਤ ਇੰਗਲੈਂਡ ਦੇ ਸੁਪਰਹਿੱਟ ਚਾਰਟ 'ਚ ਪਹਿਲੇ ਨੰਬਰ 'ਤੇ ਰਿਹਾ। ਉਸਨੇ ਪੰਜਾਬੀ ਗਾਇਕੀ ਨੂੰ ਆਧੁਨਿਕਤਾ ਦਾ ਅਜਿਹਾ ਤੁੜਕਾ ਲਗਾਇਆ ਕਿ ਪੰਜਾਬੀ ਮੂਲ ਨਾਲੋਂ ਟੁੱਟੇ ਇੰਗਲੈਂਡੀਏ ਵੀ ਉਸਦੇ ਦੀਵਾਨੇ ਹੋ ਗਏ।

ਜਿਵੇਂ ਚਮਕੀਲੇ ਦੇ ਤੁਰ ਜਾਣ ਮਗਰੋਂ ਕਈਆਂ ਉਸ ਦੀ ਥਾਂ ਲੈਣ ਦੀ ਕੋਸ਼ਿਸ਼ ਕੀਤੀ, ਪਰ ਗੱਲ ਨਾ ਬਣੀ, ਠੀਕ ਉਸੇ ਤਰ੍ਹਾਂ ਸੁਰਜੀਤ ਤੋਂ ਬਾਅਦ ਕਈਆਂ ਉਸ ਵਾਂਗ ਹੇਕ ਲਾਉਣ ਤੇ ਉੱਚੀ ਗਾਉਣ ਦੀ ਕੋਸ਼ਿਸ਼ ਕੀਤੀ, ਪਰ ਲੋਕ ਮਨਾਂ 'ਚ ਥਾਂ ਨਾ ਬਣਾ ਸਕੇ। ਨਵੇਂ ਪੂਰ 'ਚੋਂ ਸਿਰਫ਼ ਬਲਜੀਤ ਮਾਲਵਾ ਅਜਿਹਾ ਹੋ ਨਿੱਬੜਿਆ, ਜਿਸ ਬਾਰੇ ਕਿਹਾ ਜਾ ਸਕਦੈ ਕਿ ਉਹ ਬਿੰਦਰਖੀਏ ਦੀ ਪੈੜ 'ਚ ਪੈਰ ਧਰਨ 'ਚ ਕੁੱਝ ਹੱਦ ਤੱਕ ਕਾਮਯਾਬ ਹੋਇਆ।

ਬਿੰਦਰਖੀਆ ਸਾਡੇ ਦਰਮਿਆਨ ਨਹੀਂ, ਪਰ ਉਸ ਦੀਆਂ ਦੋ ਅਨਮੋਲ ਨਿਸ਼ਾਨੀਆਂ ਗੀਤਾਜ ਬੈਂਸ ਤੇ ਮੀਨਾਜ ਬੈਂਸ ਸਾਡੇ ਕੋਲ ਮੌਜੂਦ ਨੇ। ਉਸ ਦੀ ਸਧਰਾਂ ਦੀ ਸਾਥਣ ਪ੍ਰੀਤ ਕਮਲ ਨੂੰ ਮਾਣ ਹੈ ਕਿ ਉਸਦੇ ਸਾਈਂ ਨੇ ਲੰਮੇ ਸਮੇਂ ਤੱਕ ਚੇਤੇ ਰੱਖਣਯੋਗ ਗੀਤ ਗਾਏ। ਜੁੰਡੀ ਦੇ ਯਾਰਾਂ ਨੂੰ ਮਾਣ ਹੈ ਕਿ ਬਿੰਦਰਖੀਏ ਨਾਲ ਉਨ੍ਹਾਂ ਦੀ ਗੂੜ੍ਹੀ ਸਾਂਝ ਰਹੀ ਹੈ ਤੇ ਸੰਗੀਤ ਪ੍ਰੇਮੀਆਂ ਨੂੰ ਮਾਣ ਹੈ ਕਿ ਉਨ੍ਹਾਂ ਉਸ ਦੀ ਹਰ ਕੈਸਿਟ ਦਾ ਰੱਜ ਕੇ ਆਨੰਦ ਮਾਣਿਆ।

# ਪਰਮਿੰਦਰ ਸੰਧੂ

## (1969-2011)

ਕਈ ਸਾਲਾਂ ਤੋਂ ਪਰਮਿੰਦਰ ਸੰਧੂ ਦੀ ਖਾਮੋਸ਼ੀ ਤਰ੍ਹਾਂ-ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਹੀ ਸੀ। ਕਦੇ ਸੋਚੀਦਾ ਕਿ ਮੰਦੇ ਦੀ ਮਾਰ ਕਾਰਨ ਉਹਨੇ ਸਰਗਰਮੀ ਘਟਾ ਲਈ ਹੋਵੇਗੀ, ਕਦੇ ਸੋਚੀਦਾ ਉਹ ਕਮਲਜੀਤ ਨੀਰੂ ਵਾਂਗ ਵਿਦੇਸ਼ ਰਹਿਣ ਲੱਗੀ ਹੋਵੇਗੀ। ਨਾ ਕਿਸੇ ਅਖ਼ਬਾਰ 'ਚ ਉਹਦੇ ਗਾਉਣ ਬਾਰੇ ਕੋਈ ਖ਼ਬਰ ਪੜ੍ਹੀ ਤੇ ਨਾ ਉਸ ਦਾ ਕੋਈ ਨਵਾਂ ਗੀਤ ਕੰਨੀਂ ਪਿਆ। ਫੇਰ ਖਿਆਲ ਆਉਂਦਾ ਕਿ ਜਾਂ ਤਾਂ ਉਸ ਨੇ ਉਮਰ ਤੋਂ ਪਹਿਲਾਂ ਗਾਉਣ ਵੱਲੋਂ ਰਿਟਾਇਰਮੈਂਟ ਲੈ ਲਈ ਹੋਵੇਗੀ ਜਾਂ ਅਮਰ ਨੂਰੀ ਵਾਂਗ ਗ੍ਰਹਿਸਤੀ ਭੋਗਦਿਆਂ ਗਾਇਕੀ ਤੋਂ ਰਤਾ ਪਾਸਾ ਵੱਟ ਲਿਆ ਹੋਣੈ।

ਫੇਰ ਉੱਡਦੀ-ਉੱਡਦੀ ਖ਼ਬਰ ਮਿਲੀ ਕਿ ਪਰਮਿੰਦਰ ਉਸ ਬਿਮਾਰੀ ਨਾਲ ਪੀੜਤ ਹੈ, ਜਿਸਦਾ ਇਲਾਜ ਸੰਭਵ ਨਹੀਂ। ਬਿਮਾਰੀ ਨਾਲ ਜੁੜੀਆਂ ਕਈ ਹੋਰ ਗੱਲਾਂ ਵੀ ਸੁਣਨ ਨੂੰ ਮਿਲੀਆਂ, ਪਰ ਉਨ੍ਹਾਂ ਦੇ ਸੱਚ ਹੋਣ ਦਾ ਅਨੁਮਾਨ ਨਹੀਂ ਸੀ। ਹੌਲੀ-ਹੌਲੀ ਖ਼ਬਰ ਦੀ ਪੁਸ਼ਟੀ ਹੁੰਦੀ ਗਈ, ਇੱਕ ਤੋਂ ਦੂਜੇ, ਦੂਜੇ ਤੋਂ ਤੀਜੇ ਤੇ ਫੇਰ ਅਗਾਂਹ ਵਧਦੀ-ਵਧਦੀ ਉਨ੍ਹਾਂ ਲੋਕਾਂ ਤੱਕ ਵੀ ਅੱਪੜਨ ਲੱਗੀ, ਜਿਨ੍ਹਾਂ ਦਾ ਸੰਗੀਤ ਕਾਰੋਬਾਰ ਨਾਲ ਬਹੁਤਾ ਨੇੜ ਨਹੀਂ। ਸੁਣਨ ਵਾਲੇ ਨੂੰ ਦੁੱਖ ਹੁੰਦਾ ਕਿ ਆਪਣੀ ਸ਼ਰਾਰਤੀ ਜਿਹੀ ਗਾਇਕੀ ਨਾਲ ਲੋਕ ਮਨਾਂ 'ਚ ਥਾਂ ਬਣਾਉਣ ਵਾਲੀ ਪਰਮਿੰਦਰ 'ਤੇ ਕੁਦਰਤ ਨੇ ਇਹ ਕਹਿਰ ਕਿਉਂ ਢਾਹਿਆ ? ਪਰਿਵਾਰ ਦੀ ਸਿਆਣਪ ਰਹੀ ਕਿ ਵਾਹ ਲੱਗਦੀ ਉਨ੍ਹਾਂ ਇਹ ਖ਼ਬਰ ਫੈਲਣ ਤੋਂ ਰੋਕੀ ਰੱਖੀ, ਕਿਉਂਕਿ ਕਲਾਕਾਰ ਦੀ ਕਦਰ ਬੰਦ ਮੁੱਠੀ 'ਚ ਹੀ ਹੁੰਦੀ ਏ, ਜਦੋਂ ਕਿਸੇ ਬਿਮਾਰੀ ਜਾਂ ਹੋਰ ਘਟਨਾ ਬਾਰੇ ਪਤਾ ਲੱਗਦੈ ਤਾਂ ਗੱਲ ਜੰਗਲ ਦੀ ਅੱਗ ਵਾਂਗ ਫ਼ੈਲਣ ਲੱਗਦੀ ਏ। ਫੇਰ ਗੱਲ ਜਿੰਨੇ ਮੂੰਹਾਂ 'ਚੋਂ ਹੋ ਕੇ ਲੰਘਦੀ ਹੈ, ਨਾਲ ਚਾਰ-ਚਾਰ ਜੁੜਦੀਆਂ ਜਾਂਦੀਆਂ ਨੇ।

ਪਰਿਵਾਰ ਪਰਮਿੰਦਰ ਦਾ ਇਲਾਜ ਕਰਾ ਰਿਹਾ ਸੀ, ਪਤੀ ਕੁਲਜੀਤ ਦੀਆਂ ਅੱਖਾਂ ਅੱਗੇ ਭਵਿੱਖ ਦੀ ਤਸਵੀਰ ਆ ਰਹੀ ਸੀ, ਪਰ ਉਹ ਆਪਣਾ ਫ਼ਰਜ਼ ਸਿਦਕਦਿਲੀ ਨਾਲ ਨਿਭਾਉਂਦਾ ਗਿਆ। ਸਾਹਾਂ ਦੀ ਤੰਦ ਇਲਾਜ ਜ਼ਰੀਏ ਥੋੜ੍ਹੀ ਹੋਰ ਲੰਮੀ ਕਰਨ ਦੇ ਹੀਲੇ ਕੀਤੇ ਜਾ ਰਹੇ ਸਨ। ਇੱਕ ਦਿਨ ਗੀਤਕਾਰ ਅਮਰਜੀਤ ਚੀਮਾ ਨੇ ਦੱਸਿਆ ਕਿ ਉਹ ਪਰਮਿੰਦਰ ਨੂੰ ਹਸਪਤਾਲ ਮਿਲ ਕੇ ਆਇਐ। ਬਹੁਤ ਮੰਦੀ ਹਾਲਤ ਏ ਉਸ

ਦੀ। ਕੁੱਝ ਸਮਾਂ ਪਹਿਲਾਂ ਭੇਟਾਂ ਦੀ ਕੈਸਿਟ ਲਈ ਉਸਨੇ ਪਰਮਿੰਦਰ ਨੂੰ ਕੁੱਝ ਲਿਖ ਕੇ ਦਿੱਤਾ ਸੀ ਤੇ ਮਿਲਣ ਵੇਲ਼ੇ ਆਖਿਆ ਸੀ, 'ਭੈਣ ਜੀ, ਛੇਤੀ-ਛੇਤੀ ਕੈਮ ਹੋ ਜਾਓ...ਆਪਾਂ ਕੈਸਿਟ ਵੀ ਕਰਨੀ ਏ...।'

ਪਰਮਿੰਦਰ ਹਾਲਾਤ ਬਾਰੇ ਜਾਣਦੀ ਸੀ, ਬੋਲੀ, 'ਕਿਹੜੇ ਗਾਉਣ ਦੀ ਗੱਲ ਕਰਦੇ ਓ...ਹੁਣ ਤਾਂ ਬਹੁਤ ਥੋੜ੍ਹਾ ਸਮਾਂ ਬਚਿਐ...।'

ਇਹ ਗੱਲ ਦੱਸਦਿਆਂ ਚੀਮੇ ਦਾ ਗੱਚ ਭਰ ਆਇਆ।

ਪਰਮਿੰਦਰ ਸੰਧੂ ਨੂੰ ਕੈਂਸਰ ਸੀ ਤੇ ਪਿਛਲੇ ਲੰਮੇ ਸਮੇਂ ਤੋਂ ਏਸੇ ਬਿਮਾਰੀ ਨਾਲ ਪਾਕਿਸਤਾਨੀ ਗਾਇਕਾ ਰੇਸ਼ਮਾ ਵੀ ਜੂਝ ਰਹੀ ਹੈ। ਸਭ ਜਾਣਦੇ ਨੇ ਕਿ ਇਸ ਬਿਮਾਰੀ ਦਾ ਸਥਾਈ ਹੱਲ ਹਾਲੇ ਤੱਕ ਨਹੀਂ ਨਿਕਲਿਆ, ਪਰ ਜਿੰਨਾ ਹੋ ਸਕਿਆ ਬਚਾਅ ਲਈ ਓਹੜ-ਪੋਹੜ ਕੀਤਾ ਗਿਆ। ਅਖੀਰ ਵਕਤ ਨੇ ਸਾਥ ਦੇਣਾ ਬੰਦ ਕਰ ਦਿੱਤਾ ਤੇ 5 ਫਰਵਰੀ 2011 ਨੂੰ ਸਵੇਰੇ ਛੇ ਵਜੇ ਉਸਨੇ ਮੂੰਹ ਫੇਰ ਲਿਆ। ਕੱਲ੍ਹ ਤੱਕ ਜਿਹੜੀ ਗੱਲ ਦੱਬੀ ਸੀ, ਇਕਦਮ ਫ਼ੈਲਣ ਲੱਗੀ, ਫੋਨਾਂ ਦੀਆਂ ਘੰਟੀਆਂ ਖੜਕਣ ਲੱਗੀਆਂ, ਐਸ.ਐਮ.ਐਸ ਆਉਣ ਲੱਗੇ। ਹਰ ਕਲਾਕਾਰ ਦੀ ਮੌਤ ਵੇਲੇ ਏਦਾਂ ਹੁੰਦੈ, ਪਹਿਲੇ ਦੋ-ਤਿੰਨ ਫੋਨਾਂ ਨਾਲ ਯਕੀਨ ਨਹੀਂ ਬੱਝਦਾ, ਪਰ ਜਿਉਂ-ਜਿਉਂ ਗਿਣਤੀ ਵਧਦੀ ਏ, ਗੱਲ ਦੀ ਪ੍ਰੋੜ੍ਹਤਾ ਹੋਣ ਲੱਗਦੀ ਏ। ਬਿਲਕੁਲ ਇਵੇਂ ਪਰਮਿੰਦਰ ਸੰਧੂ ਦੀ ਮੌਤ ਵੇਲੇ ਹੋਇਆ।

ਓਸੇ ਦਿਨ ਸ਼ਾਮੀਂ ਪੰਜ ਵਜੇ ਲੁਧਿਆਣੇ ਦੇ ਮਾਡਲ ਟਾਊਨ ਐਕਸਟੈਨਸ਼ਨ ਸ਼ਮਸ਼ਾਨ ਘਾਟ 'ਚ ਉਹ ਸਰੀਰ ਅਗਨ ਭੇਟ ਹੋ ਗਿਆ, ਜਿਹੜਾ ਸਟੇਜ 'ਤੇ ਨੱਚ-ਨੱਚ ਕਮਾਲ ਕਰਦਾ ਸੀ। ਉਹ ਕੰਠ ਅੱਗ ਦੀਆਂ ਲਪਟਾਂ 'ਚ ਘਿਰ ਗਿਆ, ਜਿਸ ਵਿਚੋਂ ਕਿਸੇ ਵੇਲ਼ੇ 'ਉੱਡ ਕੇ ਸੋਹਣਿਆ ਆ ਜਾ ਵੇ' ਵਰਗੇ ਗੀਤ ਨਿਕਲੇ ਸਨ। ਪਰਿਵਾਰ ਦਾ ਰੋਣ ਝੱਲਣਾ ਮੁਸ਼ਕਲ ਸੀ, ਅੰਤਮ ਵਿਦਾਇਗੀ ਲਈ ਪਹੁੰਚਿਆ ਹਰ ਕਲਾਕਾਰ ਗ਼ਮਗੀਨ ਸੀ, ਉਸਦੇ ਗੀਤ ਚੇਤੇ ਆ ਰਹੇ ਸਨ, ਹੰਝੂ ਸੁੱਟਦਾ ਹਰ ਕੋਈ ਪੰਜਾਬੀ ਗਾਇਕੀ ਨੂੰ ਉਸ ਦੀ ਦੇਣ ਚਿਤਵ ਰਿਹਾ ਸੀ।

ਪਰਮਿੰਦਰ ਸੰਧੂ ਦੀ ਉਮਰ ਬਹੁਤੀ ਨਹੀਂ ਸੀ, ਮਸਾਂ ਬਵੰਜਾ ਦੇ ਨੇੜੇ-ਤੇੜੇ। ਗਾਉਣ ਦਾ ਸ਼ੌਕ ਉਸ ਨੂੰ ਪਿਤਾ ਪੁਰਖੀ ਸੀ, ਕਿਉਂਕਿ ਪਿਤਾ ਸੁਖਜੀਤ ਸਿੰਘ ਸੰਧੂ ਆਪਣੇ ਵੇਲ਼ੇ ਦੇ ਚੰਗੇ ਗਵੱਈਏ ਸਨ। ਜਨਮੀ ਉਹ ਹਰਿਆਣੇ ਦੇ ਜ਼ਿਲ੍ਹੇ ਹਿਸਾਰ ਵਿੱਚ 29 ਦਸੰਬਰ 1969 ਨੂੰ, ਪਰ ਦਾਣਾ-ਪਾਣੀ ਲੁਧਿਆਣੇ ਖਿੱਚ ਲਿਆਇਆ ਤੇ ਏਸ ਲੁਧਿਆਣੇ ਨੇ ਸ਼ਮਸ਼ਾਨ ਤੱਕ ਉਸ ਦਾ ਸਾਥ ਨਿਭਾਇਆ।

ਏਥੇ ਹੀ ਦਰਜਨ ਭਰ ਕਲਾਕਾਰਾਂ ਨਾਲ ਜੋੜੀਆਂ ਬਣਾ ਕੇ ਗਾਇਆ, ਏਥੇ ਹੀ ਸੋਲੋ ਗਾਉਣਾ ਆਰੰਭਿਆ, ਏਥੇ ਹੀ ਪ੍ਰੋਗਰਾਮ ਬੁਕਿੰਗ ਦਾ ਬੋਰਡ ਟੰਗਿਆ, ਏਥੇ ਹੀ ਇਲਾਜ ਚੱਲਿਆ ਤੇ ਏਥੇ ਹੀ ਸਰੀਰ ਅਗਨ ਭੇਟ ਹੋਇਆ।

ਬਾਰਾਂ ਸਾਲ ਦੀ ਉਮਰ 'ਚ ਪਰਮਿੰਦਰ ਨੇ ਗਾਉਣਾ ਆਰੰਭਿਆ। ਸਕੂਲ 'ਚ ਉਹ ਮਾਸਟਰ-ਮਾਸਟਰਨੀਆਂ ਦੀ ਚਹੇਤੀ ਸੀ। ਅਵਾਜ਼ ਵਿਚਲੀ ਮਿਠਾਸ ਉਸਦੇ ਚਮਕਦੇ ਭਵਿੱਖ ਬਾਰੇ ਦੱਸਦੀ। ਉਸਨੇ ਜਨਾਬ ਬਾਕਰ ਹੁਸੈਨ ਹੁਰਾਂ ਕੋਲੋਂ ਗਾਇਕੀ ਦੇ ਗੁਰ ਸਿੱਖੇ। ਫੇਰ ਹੌਲੀ-ਹੌਲੀ ਪੈਰ ਅੱਗੇ ਵਧਣ ਲੱਗੇ ਤੇ ਪਹਿਲੀ ਵਾਰ ਧੰਨਾ ਸਿੰਘ ਰੰਗੀਲਾ ਨਾਲ ਜੋੜੀ ਬਣਾਈ। ਹਾਜ਼ਰੀ ਵਧੀਆ ਰਹੀ, ਪਰਮਿੰਦਰ ਦਾ ਸ਼ਰਾਰਤੀ ਅੰਦਾਜ਼ ਤੇ ਲੋਹੜਿਆਂ ਦੀ ਰਵਾਨੀ ਸੁਣਨ ਵਾਲਿਆਂ ਨੂੰ ਜੋੜੀ ਰੱਖਦੀ। ਫੇਰ ਹੌਲੀ-ਹੌਲੀ ਸੈੱਟ ਬਦਲਦੇ ਰਹੇ। ਉਹਨੇ ਕੁਲਦੀਪ ਮਾਣਕ ਨਾਲ ਵੀ ਗਾਇਆ, ਦੀਦਾਰ ਸੰਧੂ ਨਾਲ ਵੀ, ਕਰਨੈਲ ਗਿੱਲ, ਸੀਤਲ ਸਿੰਘ ਸੀਤਲ, ਪਿਆਰਾ ਸਿੰਘ ਪੰਛੀ, ਸੁਰਿੰਦਰ ਸ਼ਿੰਦਾ ਤੇ ਕਈ ਹੋਰਾਂ ਨਾਲ ਵੀ। ਸਭ ਤੋਂ ਵੱਧ ਸਮਾਂ ਉਸ ਨੇ ਜਸਵੰਤ ਸੰਦੀਲਾ ਨਾਲ ਗਾਇਆ। ਦੋਵਾਂ ਦੀ ਖੂਬ ਨਿਭੀ, ਕਨੇਡਾ-ਅਮਰੀਕਾ ਤੇ ਹੋਰ ਮੁਲਕਾਂ ਦੇ ਦੌਰੇ 'ਕੱਠਿਆਂ ਕੀਤੇ। 'ਗੀਤਾਂ ਭਰੀ ਕਹਾਣੀ' ਰਿਕਾਰਡ ਏਨਾ ਮਕਬੂਲ ਹੋਇਆ ਕਿ ਅੱਜ ਤੱਕ ਇਸਦੀ ਚਰਚਾ ਲੋਕ ਬੁੱਲ੍ਹਾਂ 'ਤੇ ਹੈ।

ਸੰਦੀਲੇ ਤੇ ਪਰਮਿੰਦਰ ਨੇ 1981 ਤੋਂ 1988 ਤੱਕ ਗਾਇਆ। ਦੋ ਈ.ਪੀ, ਦੋ ਐਲ.ਪੀ. ਰਿਕਾਰਡ ਅਤੇ ਛੇ ਕੈਸਿਟਾਂ 'ਕੱਠਿਆਂ ਦੀਆਂ ਆਈਆਂ। 'ਯਾਰਾਂ ਦਾ ਟਰੱਕ ਹਵਾਈ ਜਹਾਜ਼ ਵਰਗਾ', 'ਖਿੜ-ਖਿੜ ਵੇਖ ਕੇ ਹੱਸਦੀ ਨੂੰ', 'ਗੀਤਾਂ ਭਰੀ ਕਹਾਣੀ' ਤੇ 'ਮੇਰੇ ਪੱਲੇ ਪੈ ਗਿਆ ਅਮਲੀ' ਰਿਕਾਰਡਾਂ ਤੋਂ ਇਲਾਵਾ 'ਠੇਕੇ ਜਾ ਵੜਿਆ', 'ਗੱਭਰੂ ਹਾਣ ਦਾ', 'ਲੜਨਾ ਘੁੰਡ ਚੱਕ ਕੇ' ਸਮੇਤ ਕਈ ਹੋਰ ਕੈਸਿਟਾਂ ਰਿਲੀਜ਼ ਹੋਈਆਂ।

ਸੰਦੀਲਾ ਇੱਕ ਯਾਦ ਤਾਜ਼ੀ ਕਰਦੈ, 'ਇੱਕ ਵਾਰ ਮੋਗੇ ਲਾਗਲੇ ਪਿੰਡ ਨਾਹਲ ਕੋਟੇ 'ਚ ਸਾਡਾ ਪ੍ਰੋਗਰਾਮ ਸੀ। ਸਾਜ਼ੀ ਨਾ ਪਹੁੰਚੇ ਤਾਂ ਮੈਂ ਆਖਿਆ, 'ਪਰਮਿੰਦਰ ਆਪਾਂ ਪ੍ਰੋਗਰਾਮ ਨੂੰ ਰਹਿਣ ਦੇਈਏ...ਬਿਨਾਂ ਸਾਜ਼ੀਆਂ ਤੋਂ ਕੀ ਕਰਾਂਗੇ ?'

ਪਰ ਉਹ ਅੜ ਗਈ, ਕਹਿੰਦੀ, 'ਜੇ ਆਏ ਆਂ ਤਾਂ ਗਾ ਕੇ ਹੀ ਜਾਵਾਂਗੇ, ਪੂਰਾ ਤਾਣ ਲਾ ਦਿਆਂਗੇ...।'

ਸਿਰਫ਼ ਦੋ ਸਾਜ਼ਾਂ ਵਾਜੇ ਤੇ ਘੜੇ ਨਾਲ ਪ੍ਰੋਗਰਾਮ ਲਾਇਆ। ਬੜੀ ਬੱਲੇ-ਬੱਲੇ ਹੋਈ...ਇਹ ਸਭ ਪਰਮਿੰਦਰ ਦੇ ਹੌਸਲੇ ਦਾ ਕਮਾਲ ਸੀ....।

ਸੰਦੀਲੇ ਤੇ ਪਰਮਿੰਦਰ ਦੇ ਗੀਤ 'ਬੋਸਕੀ ਵਰਗੀ ਕੁੜੀ ਮੁੰਡੇ 'ਤੇ ਆਸ਼ਕ ਹੋਈ', 'ਬਾਹਰ ਲੱਗੇ ਕਰਫ਼ਿਊ ਅੰਦਰ ਅਮਲੀ ਤੜਫ਼ ਰਿਹਾ', 'ਦਿਲ ਤੈਨੂੰ ਦਿੱਤਾ ਇਹਨੂੰ ਸਾਂਭ ਮੁੰਡਿਆ', 'ਮੈਂ ਕੁੜੀ ਆਂ ਬਰੂਦ ਵਰਗੀ' ਖੂਬ ਵੱਜੇ। ਪਾਲੀ ਦੇਤਵਾਲੀਆ ਦੇ ਲਿਖੇ ਗੀਤ 'ਰੁੱਸੇ ਨੂੰ ਮਨਾ ਲੈਨੀ ਆਂ ਖੰਡ ਧਰਕੇ ਰੋਟੀ 'ਤੇ' ਅਤੇ 'ਭਾਬੀ ਤੇਰਾ ਦਿਓਰ ਪੁੱਛਦਾ ਵੈਲੀ ਵੀਰ ਨਾਲ ਕਿਵੇਂ ਤੂੰ ਨਿਭਾਉਂਦੀ' ਚਾਈਂ-ਚਾਈਂ ਸੁਣੇ ਗਏ।

ਫੇਰ ਕਿਸੇ ਕਾਰਨ ਦੋਹੇਂ ਅੱਡ ਹੋ ਗਏ। ਪਰਮਿੰਦਰ ਨੇ ਸੋਲੋ ਗਾਉਣਾ ਸ਼ੁਰੂ ਕਰ ਦਿੱਤਾ। ਵਕਤ ਜਿਵੇਂ ਉਸ ਨੂੰ ਸੋਲੋ ਗਾਉਂਦਿਆਂ ਦੇਖਣ ਲਈ ਕਾਹਲਾ ਸੀ। ਇੱਕ ਵੇਲ਼ਾ ਅਜਿਹਾ ਆਇਆ ਕਿ ਉਹ ਸੋਲੋ ਗਾਇਕੀ 'ਚ ਪੂਰੀ ਤਰ੍ਹਾਂ ਚਮਕ ਉੱਠੀ। ਉਸ ਦੀ ਹਰ ਕੈਸਿਟ ਹਿੱਟ ਹੋਈ। ਉਸ ਨੇ ਏਨੇ ਪ੍ਰੋਗਰਾਮ ਲਾਏ ਕਿ ਗਿਣਤੀ ਕਰਨੀ ਮੁਸ਼ਕਲ ਹੈ। ਆਖਰੀ ਕੈਸਿਟ 'ਮਸਤ ਮਸਤ' ਤੱਕ ਉਸ ਦੀ ਗਾਇਕੀ ਦਾ ਜਲੌਅ ਬਰਕਰਾਰ ਰਿਹਾ। 'ਧੀਦੋ ਰਾਂਝਾ ਬਣਦੀ-ਬਣਦੀ ਬਣ ਸੈਦੇ ਦੀ ਨਾਰ ਗਈ', 'ਘਰ ਆ ਗਏ ਸੋਹਣਿਆ ਵੇ ਕੱਲ੍ਹ ਚੁੰਨੀ ਨਾਲ ਪਤਾਸੇ', 'ਦਮ ਬੀੜਾ ਉੱਠਿਆ ਜੀ ਦਮ ਬੀੜਾ ਉੱਠਿਆ', 'ਉੱਡ ਕੇ ਸੋਹਣਿਆ ਆ ਜਾ ਵੇ' ਤੇ ਕਈ ਹੋਰ ਪ੍ਰਸਿੱਧ ਹੋਏ।

ਪਰਮਿੰਦਰ ਸੰਧੂ ਦੇ ਮਿਲਣਸਾਰ ਸੁਭਾਅ, ਖਿੱਚ ਪਾਊ ਵਿਅਕਤੀਤਵ, ਵਿਲੱਖਣ ਅੰਦਾਜ਼ ਤੇ ਵਧੀਆ ਸਟੇਜੀ ਪੇਸ਼ਕਾਰੀ ਵਰਗੇ ਗੁਣਾਂ ਨੇ ਲੰਮਾ ਸਮਾਂ ਉਸ ਨੂੰ ਸੰਗੀਤ ਪ੍ਰੇਮੀਆਂ ਦੀ ਚਹੇਤੀ ਬਣਾਈ ਰੱਖਿਆ। ਪਰਮਿੰਦਰ ਚੌਦਾਂ ਸਾਲਾ ਪੁੱਤਰ ਅਨੁਰਾਗ, ਅੱਠ ਸਾਲਾ ਪੁੱਤਰੀ ਗੁਰਅਸੀਸ, ਪਤੀ ਕੁਲਜੀਤ ਸਮੇਤ ਲੱਖਾਂ ਚਾਹੁਣ ਵਾਲਿਆਂ ਨੂੰ ਇਕਦਮ ਅਜਿਹਾ ਝਟਕਾ ਦੇ ਗਈ, ਜਿਸ ਤੋਂ ਸੰਭਲ ਸਕਣਾ ਸੁਖਾਲਾ ਨਹੀਂ।

2011 ਦੇ ਪਹਿਲੇ ਦੋ ਮਹੀਨਿਆਂ ਨੇ ਕਲਾ ਜਗਤ ਦੀਆਂ ਦੋ ਵੱਡੀਆਂ ਹਸਤੀਆਂ ਖੋਹ ਲਈਆਂ। ਪਹਿਲੇ ਮਹੀਨੇ ਅਦਾਕਾਰ ਵਿਵੇਕ ਸ਼ੌਕ ਦਾ ਵਿਛੋੜਾ, ਜਿਸ ਨੇ 'ਗ਼ਦਰ' ਵਰਗੀ ਵੱਡੀ ਫ਼ਿਲਮ 'ਚ ਕੰਮ ਕੀਤਾ ਤੇ ਫਰਵਰੀ 'ਚ ਪਰਮਿੰਦਰ ਸੰਧੂ ਦਾ। ਕਾਸ਼, ਲੁਧਿਆਣਾ 'ਚ ਪਰਮਿੰਦਰ ਦੀ ਅਜਿਹੀ ਯਾਦਗਾਰ ਬਣੇ, ਜਿੱਥੇ ਉਸ ਦੇ ਗਾਇਕੀ ਸਫ਼ਰ ਨੂੰ ਦਰਸਾਉਂਦੀਆਂ ਤਸਵੀਰਾਂ ਦੇ ਨਾਲ-ਨਾਲ ਉਸ ਦੇ ਗੀਤ ਅਤੇ ਹੋਰ ਯਾਦਗਾਰੀ ਚੀਜ਼ਾਂ ਰੱਖੀਆਂ ਜਾਣ, ਤਾਂ ਜੁ ਉਸ ਦੇ ਚਾਹੁਣ ਵਾਲੇ ਉਥੇ ਆਉਂਦੇ-ਜਾਂਦੇ ਰਹਿਣ।

# ਸਨਮੁਖ ਸਿੰਘ ਅਜ਼ਾਦ

2009 ਨੂੰ ਪੰਜਾਬੀ ਸੰਗੀਤ ਨਾਲ ਜੁੜੀਆਂ ਉੱਚ ਦੁਮਾਲੜੀਆਂ ਸ਼ਖ਼ਸੀਅਤਾਂ ਖੋਹਣ ਵਾਲੇ ਵਰ੍ਹੇ ਵਜੋਂ ਯਾਦ ਰੱਖਿਆ ਜਾਵੇਗਾ। ਇਸ ਸਾਲ 'ਨਿੱਗਰ ਬੰਦਾ ਨਿੱਗਰ ਕੀਲਾ' ਗਾਉਣ ਵਾਲਾ ਕੁਲਦੀਪ ਪਾਰਸ, 'ਨਹਿਰੋਂ ਪਾਰ ਬੰਗਲਾ ਪਵਾਦੇ ਹਾਣੀਆਂ' ਵਾਲਾ ਰੋਮੀ ਗਿੱਲ ਤੇ 'ਦਾਰੂ ਪੀ, ਦਾਰੂ ਪੀ ਕੇ ਜੱਟ ਬੁੱਕਦੇ' ਵਾਲਾ ਕਾਕਾ ਭੈਣੀਵਾਲਾ ਰੁਖਸਤ ਹੋ ਗਏ। ਏਸੇ ਸਾਲ 'ਗੁੱਡੀ ਵਾਂਗੂੰ ਅੱਜ ਮੈਨੂੰ ਸੱਜਣਾ' ਸਮੇਤ ਅਨੇਕਾਂ ਸਦਾਬਹਾਰ ਗੀਤ ਲਿਖਣ ਵਾਲਾ ਗੀਤਕਾਰ ਸਨਮੁਖ ਸਿੰਘ ਅਜ਼ਾਦ ਤੇ 'ਚਾਂਦੀ ਦੇ ਗੜਵੇ' ਵਾਲਾ ਇੰਦਰਜੀਤ ਹਸਨਪੁਰੀ ਅਲਵਿਦਾ ਕਹਿ ਗਏ।

ਸਨਮੁਖ ਸਿੰਘ ਅਜ਼ਾਦ ਇਨ੍ਹਾਂ ਸਾਰਿਆਂ ਨਾਲੋਂ ਵੱਖਰੀ ਤਬੀਅਤ ਦਾ ਮਾਲਕ ਸੀ। ਉਸ ਨੇ ਉਮਰ ਭਰ ਸ਼ੌਕ ਦੇ ਤੰਦ ਪਾਏ, ਮਨਆਈਆਂ ਕੀਤੀਆਂ, ਚੰਗੇ ਦਿਨ ਦੇਖਣ ਮਗਰੋਂ ਅੰਤਾਂ ਦੇ ਮਾੜੇ ਦਿਨਾਂ ਨਾਲ ਸਾਂਝ ਪੁਗਾਈ। ਤੁਰ ਭਾਵੇਂ ਸਭ ਨੇ ਜਾਣੈ, ਪਰ ਉਦੋਂ ਦੁੱਖ ਹੁੰਦੈ, ਜਦੋਂ ਅਖੌਤੀ ਕਦਰਦਾਨਾਂ ਮੂੰਹੋਂ ਸੁਣੀਂਦਾ ਕਿ ਅਜ਼ਾਦ, ਸੀਤਲ ਸਿੰਘ ਸੀਤਲ ਤੇ ਹੋਰਾਂ ਨਾਲ ਏਦਾਂ ਹੀ ਹੋਣਾ ਚਾਹੀਦਾ ਸੀ, ਕਿਉਂਕਿ ਇਨ੍ਹਾਂ ਚੰਗਾ ਵੇਲਾ ਠੁੱਡ ਮਾਰ-ਮਾਰ ਦੁਵੱਲਿਐ।

ਆਪਣੇ ਗੀਤਾਂ ਜ਼ਰੀਏ ਦਰਜਨਾਂ ਗਾਇਕਾਂ ਦੀਆਂ ਤਕਦੀਰਾਂ ਬਦਲਣ ਵਾਲੇ ਸਨਮੁਖ ਦੇ ਵਿਛੋੜੇ ਨੇ ਜਿੱਥੇ ਪਰਿਵਾਰਕ ਮੈਂਬਰਾਂ ਤੇ ਸ਼ੁਭਚਿੰਤਕਾਂ ਨੂੰ ਤਕੜਾ ਝਟਕਾ ਲਾਇਆ, ਉਥੇ ਕਲਾ ਦੇ ਵਣਜਾਰਿਆਂ ਦੀ ਸਰਕਾਰੇ-ਦਰਬਾਰੇ ਸੁਣਵਾਈ ਨਾ ਹੋਣ ਵਾਲੀ ਗੱਲ ਵੀ ਸਾਹਮਣੇ ਲਿਆਂਦੀ। ਸਨਮੁਖ ਦੇ ਗੀਤਾਂ ਦਾ ਹਰ ਪੰਜਾਬੀ ਨੇ ਰੱਜ ਕੇ ਆਨੰਦ ਮਾਣਿਆ, ਵੱਡੇ-ਵੱਡੇ ਗਾਇਕਾਂ ਉਸ ਦੇ ਗੀਤ ਗਾ ਕੇ ਮਾਣ ਮਹਿਸੂਸ ਕੀਤਾ, ਪਰ ਪ੍ਰੇਸ਼ਾਨੀਆਂ ਨਾਲ ਜੂਝਦਾ ਉਹ ਸਾਰੀ ਉਮਰ ਸੁੱਕੇ ਪੱਤੇ ਵਾਂਗ ਕੰਬਦਾ ਰਿਹਾ। ਉਸ ਦਾ ਅੰਤਲਾ ਵੇਲ਼ਾ ਕਿਹੋ ਜਿਹਾ ਸੀ, ਇਸ ਦਾ ਪਤਾ ਲੁਧਿਆਣੇ ਦੀ ਸੰਗੀਤ ਮੰਡੀ ਵਿੱਚ ਜਾ ਕਿਸੇ ਤੋਂ ਵੀ ਲਾਇਆ ਜਾ ਸਕਦੈ। ਕਈ ਪ੍ਰਸ਼ੰਸਕ ਉਸ ਨੂੰ ਕੌੜੇ ਘੁੱਟ ਲਈ ਸੌ-ਪੰਜਾਹ ਦੇ ਛੱਡਦੇ, ਰੋਟੀ-ਟੁੱਕ ਉਹ ਬਾਹਰੋਂ ਖਾ ਲੈਂਦਾ...ਪਰ 'ਚਾਲੂ' ਸ਼ੁਭਚਿੰਤਕ ਉਸ ਨੂੰ ਦੇਖਦਿਆਂ ਮੋੜ ਕੱਟ ਜਾਂਦੇ, ਅਖੇ, 'ਇਹਦਾ ਤਾਂ ਕੰਮ ਹੀ ਮੰਗਣੈ...ਪਰਸੋਂ ਵੀਹ ਰੁਪਏ ਦਿੱਤੇ ਸਨ...।'

ਵੱਖ-ਵੱਖ ਗਾਇਕਾਂ ਦੀ ਅਵਾਜ਼ 'ਚ ਸਨਮੁਖ ਸਿੰਘ ਦੇ ਗੀਤ ਸੁਣਿਆਂ ਅਵੱਲਾ ਜਿਹਾ ਸਰੂਰ ਆਉਂਦੈ, ਪਰ ਇਹ ਸਰੂਰ ਉਦੋਂ ਗਾਇਬ ਹੋ ਜਾਂਦੈ, ਜਦੋਂ ਉਸ ਦੇ ਜ਼ਿੰਦਗੀਨਾਮੇ ਵੱਲ ਤੱਕੀਦੈ। ਅੰਤਲੇ ਵੇਲ਼ੇ ਉਹ ਕਹਿੰਦਾ ਸੀ, 'ਮਗਰੋਂ ਢਕਵੰਜ ਕਰਨਗੇ ਸਾਲ਼ੇ ਕਿ ਮੋਖੇ ਦੇ ਜਾਣ ਨਾਲ ਬਹੁਤ ਘਾਟਾ ਪਿਐ...ਚੰਗਾ ਗੀਤਕਾਰ ਸੀ...ਉਹਦੀ ਕਦਰ ਹੋਣੀ ਚਾਹੀਦੀ ਸੀ...ਯਾਦ ਤਾਜ਼ਾ ਰੱਖਣ ਲਈ ਸਮਾਗਮ ਰਚਾਉਣਗੇ....ਪਰ ਹੁਣ ਕੋਈ ਕੰਜਰ ਨਹੀਂ ਪੁੱਛਦਾ...।' ਨਿੱਕੀ-ਨਿੱਕੀ ਗੱਲ 'ਤੇ ਉਸ ਦਾ ਖਿਝਣਾ, ਸਭ ਨੂੰ ਟੁੱਟ-ਟੁੱਟ ਪੈਣਾ...ਸਭ ਦੀ ਮਾਂ ਦੀ, ਭੈਣ ਦੀ ਕਰਨਾ ਅੰਦਾਜ਼ਾ ਲਵਾ ਦਿੰਦਾ ਕਿ ਉਹ ਅੰਦਰੋਂ ਕਿੰਨਾ ਦੁਖੀ ਹੈ...ਲੰਘੇ 'ਤੇ ਕਿੰਨਾ ਅਫ਼ਸੋਸ ਕਰਦੈ। ਉਤੋਂ-ਉਤੋਂ ਉਹ ਇਹ ਵੀ ਆਖਦਾ, 'ਮੈਂ ਬੇਕਸੂਰ ਹੋ ਕੇ ਵੀ ਕਸੂਰਵਾਰ ਬਣ ਬੈਠਾਂ'...ਪਰ ਅੰਦਰ ਦੀ ਹਾਲਤ ਕੁੱਝ ਹੋਰ ਸੀ।

ਮੌਤ ਤੋਂ ਦੋ ਕੁ ਸਾਲ ਪਹਿਲਾਂ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਸਨਮੁਖ ਨੇ ਖੁਦ ਨੂੰ ਅੱਗ ਲਾ ਲਈ ਸੀ। ਦਵਾਈ ਜੋਗੇ ਉਸ ਕੋਲ ਪੈਸੇ ਨਹੀਂ ਸਨ। ਦਰਦ ਨਾਲ ਉਹ ਕੁਰਲਾਉਂਦਾ ਰਹਿੰਦਾ, ਪਰ ਕਿਸੇ ਨੇ ਬਾਤ ਨਾ ਪੁੱਛੀ। ਕੋਈ ਨਹੀਂ ਜਾਣਦਾ ਸੀ ਕਿ ਇੱਕ ਮਹਾਨ ਗੀਤਕਾਰ ਨਾਲ ਇਹ ਭਾਣਾ ਵਾਪਰਿਐ, ਨਾ ਕਿਸੇ ਸਰਕਾਰੀ ਮਹਿਕਮੇ ਨੂੰ ਉਸ ਦਾ ਇਲਾਜ ਕਰਾਉਣ ਦੀ ਯਾਦ ਆ ਰਹੀ ਸੀ।

ਫੇਰ ਲੁਧਿਆਣੇ ਦੇ ਇੱਕ ਹਾਲ 'ਚ 'ਦੇਵ ਥਰੀਕੇ ਐਪਰੀਸੇਸ਼ਨ ਸੋਸਾਇਟੀ, ਯੂ.ਕੇ.' ਨੇ ਛੋਟਾ ਜਿਹਾ ਸਮਾਗਮ ਰਚਾ ਜਿੱਥੇ ਦੇਵ ਥਰੀਕਿਆਂ ਵਾਲਾ ਤੇ ਈਦੂ ਸ਼ਰੀਫ਼ ਨੂੰ ਸਨਮਾਨਿਆ, ਉਥੇ ਸਨਮੁਖ ਨੂੰ ਵੀ ਦਸ ਹਜ਼ਾਰ ਰੁਪਿਆ ਇਲਾਜ ਲਈ ਦਿੱਤਾ।

ਸਨਮੁਖ ਦਾ ਪਹਿਲਾ ਗੀਤ 16 ਸਾਲ ਦੀ ਉਮਰੇ ਰਿਕਾਰਡ ਹੋਇਆ ਤੇ ਉਦੋਂ ਹੀ ਪਤਾ ਲੱਗ ਗਿਆ ਕਿ ਉਹ ਭਵਿੱਖ ਦਾ ਵੱਡਾ ਗੀਤਕਾਰ ਸਾਬਤ ਹੋਵੇਗਾ। ਇਹ ਗੀਤ ਨੂਰਜਹਾਂ ਨੇ ਗਾਇਆ ਤੇ ਬਾਅਦ 'ਚ ਉਸ ਦੀ ਗੀਤਕਾਰੀ ਦਾ ਐਸਾ ਸਫ਼ਰ ਸ਼ੁਰੂ ਹੋਇਆ ਕਿ ਵੱਡੇ-ਵੱਡੇ ਫ਼ਨਕਾਰ ਉਸ ਦੇ ਗੀਤ ਗਾਉਂਦੇ ਗਏ।

ਸਨਮੁਖ ਸਿੰਘ ਪੜ੍ਹਿਆ ਨਾ-ਮਾਤਰ ਹੀ। ਦੂਜੀ ਕਲਾਸ 'ਚ ਉਸ ਦੀ ਬ੍ਰੇਕ ਲੱਗ ਗਈ। ਗੀਤ ਲਿਖਣ ਦੀ ਚੇਟਕ ਅਜਿਹੀ ਲੱਗੀ ਕਿ ਏਸੇ ਕਰਕੇ ਉਸ ਦੀ ਪਛਾਣ ਬਣੀ...ਏਸੇ ਕਰਕੇ ਆਦਤਾਂ ਵਿਗੜੀਆਂ....ਤੇ ਏਸੇ ਕਰਕੇ ਗੁਰਬਤ ਦਾ ਸੇਕ ਨਾ ਸਹਾਰਦਿਆਂ ਅੰਤਲੇ ਵੇਲ਼ੇ ਦੁੱਖ ਭੋਗਦਾ ਰਿਹਾ।

ਨੁਸਰਤ ਫ਼ਤਹਿ ਅਲੀ ਖ਼ਾਨ, ਗੁਲਾਮ ਅਲੀ, ਲਤਾ ਮੰਗੇਸ਼ਕਰ, ਨੂਰਜਹਾਂ,

ਰੇਸ਼ਮਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਜਗਮੋਹਣ ਕੌਰ, ਆਸਾ ਸਿੰਘ ਮਸਤਾਨਾ, ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਅਮਰ ਸਿੰਘ ਚਮਕੀਲਾ ਤੋਂ ਲੈ ਕੇ ਨਵੇਂ ਪੋਚ ਦੇ ਅਨੇਕਾਂ ਕਲਾਕਾਰਾਂ ਨੇ ਅਜ਼ਾਦ ਦੇ ਗੀਤ ਗਾਏ। ਮਸਤੀ 'ਚ ਆ ਉਹ ਦੱਸਦਾ, 'ਬੜਾ ਪੈਸਾ ਕਮਾਇਆ ਮੈਂ...ਬੜੇ ਮੁਲਕਾਂ ਦੀ ਸੈਰ ਕੀਤੀ...ਭਾਰਤ ਦਾ ਕੋਨਾ-ਕੋਨਾ ਗਾਹ ਮਾਰਿਆ...ਬਹੁਤ ਕੰਮ ਕਰ-ਕਰ ਦੇਖੇ...ਬੜੀ ਰਾਇਲਟੀ ਆਈ....ਪਰ ਮੈਂ ਪੈਸੇ ਦੀ ਭੋਰਾ ਕਦਰ ਨਾ ਕੀਤੀ...ਜਿੰਨੇ ਮੇਰੇ ਕੋਲ ਆਉਂਦੇ...ਉਹਦੇ ਨਾਲੋਂ ਵੱਧ ਖਰਚਦਾ...ਸ਼ਰਾਬ 'ਚ ਬੜੇ ਪੈਸੇ ਪੱਟੇ....ਹੁਣ ਸਹੁਰਾ ਕੋਈ ਨਹੀਂ ਪਿਲਾਉਂਦਾ...ਸਾਰੇ ਭੱਜਦੇ ਨੇ....।'

ਸਨਮੁਖ ਸਿੰਘ ਅਜ਼ਾਦ ਉਰਫ਼ ਮੋਖੇ ਸ਼ਾਹ ਦਿਲ ਦਾ ਮਾੜਾ ਨਹੀਂ ਸੀ, ਪਰ ਏਨਾ ਨਾਂਅ ਹੋਣ ਦੇ ਬਾਵਜੂਦ ਉਸ ਦੀ ਕਿਸਮਤ 'ਚ ਠੇਡੇ ਲਿਖੇ ਸਨ। ਉਹ ਮੌਜੀ ਬੰਦਾ ਸੀ...ਦੁਨੀਆ ਦੀ ਪ੍ਰਵਾਹ ਨਾ ਕਰਨ ਵਾਲਾ...ਸਭ ਨੂੰ ਟਿੱਚ ਸਮਝਣ ਵਾਲਾ। ਉਹ ਖੁਦ ਕਿਹਾ ਕਰਦਾ ਸੀ, 'ਸਾਰੀ ਉਮਰ ਅਵਾਰਗੀ ਕੀਤੀ...ਹੁਣ ਵੀ ਅਵਾਰਾ ਹਾਂ...ਵੱਡੇ-ਵੱਡੇ ਲੋਕਾਂ ਨਾਲ ਬਹਿਣੀ-ਉੱਠਣੀ ਸੀ...ਤੇ ਜਿੱਥੇ ਹੁਣ ਹਾਂ...ਏਥੇ ਆ ਕੇ ਵੀ ਮਨ ਹੌਲਾ ਕਦੇ ਨਹੀਂ ਕੀਤਾ।'

'ਅੱਖੀਆਂ...ਅੱਖੀਆਂ...ਅੱਖੀਆਂ' (ਨੁਸਰਤ ਫ਼ਤਹਿ ਅਲੀ ਖ਼ਾਨ), 'ਮੇਰੇ ਦਿਲ ਦਾ ਮਹਿਰਮ ਚਾਕ ਨੀਂ' (ਗੁਲਾਮ ਅਲੀ), 'ਤੂੰ ਤਾਂ ਸੌਂ ਗਈ ਗੂੜ੍ਹੀ ਨੀਂਦੇ' (ਲਤਾ ਮੰਗੇਸ਼ਕਰ), 'ਦਿਲ ਟੁੱਟਿਆ ਖ਼ਬਰ ਨਾ ਹੋਈ' (ਸ਼ੌਕਤ ਅਲੀ), 'ਹਾਏ ਓ ਰੱਬਾ ਨਹੀਂਓਂ ਲੱਗਦਾ ਦਿਲ ਮੇਰਾ' (ਰੇਸ਼ਮਾ), 'ਗੁੱਡੀ ਵਾਂਗੂੰ ਅੱਜ ਮੈਨੂੰ ਸੱਜਣਾ' (ਆਫ਼ਸ਼ਾਂ ਤੇ ਜਗਮੋਹਣ ਕੌਰ), 'ਤੂੰਬਾ ਵੱਜਦਾ ਨਾ ਤਾਰ ਤੋਂ ਬਿਨਾਂ' (ਜਗਮੋਹਣ ਕੌਰ), 'ਵੇ ਥਾਣੇਦਾਰਾ ਦੋ ਮੰਜੀਆਂ ਦੀ ਥਾਂ' (ਨਰਿੰਦਰ ਬੀਬਾ) ਗੀਤਾਂ ਨੇ ਉਸ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧੀ ਦਿਵਾਈ। ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਕੁਲਦੀਪ ਮਾਣਕ, ਸੁਰਿੰਦਰ ਸ਼ਿੰਦਾ, ਡੌਲੀ ਗੁਲੇਰੀਆ, ਹੰਸ ਰਾਜ ਹੰਸ, ਹਰਭਜਨ ਮਾਨ ਸਮੇਤ ਅਨੇਕਾਂ ਗਾਇਕਾਂ ਉਸ ਦੇ ਗੀਤਾਂ ਨੂੰ ਸੁਰੀਲੀਆਂ ਅਵਾਜ਼ਾਂ ਦਿੱਤੀਆਂ।

'ਐਚ.ਐਮ.ਵੀ' ਨੇ ਸਨਮੁਖ ਨੂੰ ਲੰਮਾ ਸਮਾਂ ਰਾਇਲਟੀ ਦਿੱਤੀ। ਉਹਨੇ ਖੂਬ ਮੌਜਾਂ ਲੁੱਟੀਆਂ। ਯਾਰਾਂ-ਬੇਲੀਆਂ ਨੂੰ ਗੀਤ ਸੁਣਾਉਂਦਾ...ਟਿੱਚਰਾਂ ਕਰਦਾ ਤੇ ਹਾਸਾ ਖਿਲਾਰਦਾ...। ਜਗਦੇਵ ਸਿੰਘ ਜੱਸੋਵਾਲ, ਹਾਕਮ ਬਖਤੜੀਵਾਲਾ ਤੇ ਕਈ ਹੋਰਾਂ ਉਸ ਦੀ ਬਣਦੀ-ਸਰਦੀ ਮੱਦਦ ਕੀਤੀ, ਪਰ ਜਿੰਨੀ ਮੱਦਦ ਹੁੰਦੀ, ਓਨੇ ਦੀ ਉਹ ਸ਼ਰਾਬ ਪੀ ਛੱਡਦਾ। ਜੇਬੋਂ ਸਦਾ ਵਿਹਲਾ ਤੇ ਗੱਲਾਂ ਤੋਂ ਸਦਾ ਤਾਜ਼ਾ-ਤਰੀਨ

ਮਿਲਦਾ।

ਹੁਣ ਜਦੋਂ ਸਨਮੁਖ ਸਾਡੇ ਵਿਚਕਾਰ ਨਹੀਂ ਤਾਂ ਉਸ ਨਾਲ ਜੁੜੀਆਂ ਯਾਦਾਂ ਸਾਡੀ ਝੋਲੀ ਪਈਆਂ ਨੇ। ਉਸ ਦੇ ਗੁਣਾਂ ਨੂੰ ਇੱਕ-ਅੱਧ ਔਗੁਣ ਅੱਗੇ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਜਿਨ੍ਹਾਂ ਉਸ ਦੀ ਇਸ ਕਰਕੇ ਮੱਦਦ ਨਹੀਂ ਕੀਤੀ ਕਿ ਇਹ ਤਾਂ ਸ਼ਰਾਬੀ-ਕਬਾਬੀ ਐ, ਉਨ੍ਹਾਂ ਇਹ ਨਾ ਸੋਚਿਆ ਕਿ ਉਹ ਕਮਾਲ ਦਾ ਗੀਤਕਾਰ, ਮੰਚ ਸੰਚਾਲਕ, ਭੰਗੜਚੀ ਤੇ ਹੋਰ ਗੁਣਾਂ ਦਾ ਮਾਲਕ ਵੀ ਰਿਹੈ। ਮਨੁੱਖੀ ਬਿਰਤੀ ਹੈ ਕਿ ਅਸੀਂ ਇੱਕ-ਦੋ ਔਗੁਣਾਂ ਕਾਰਨ ਦਸ ਗੁਣਾਂ ਦੀ ਕਦਰ ਕਰਨੀ ਛੱਡ ਦਿੰਦੇ ਹਾਂ ਤੇ ਇਹੀ ਕੁੱਝ ਸਨਮੁਖ ਸਿੰਘ ਅਜ਼ਾਦ ਨਾਲ ਹੋਇਆ।

ਸਾਨੂੰ ਤੇ ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਗੀਤਕਾਰਾਂ-ਗਾਇਕਾਂ ਨੂੰ ਜਿਊਂਦੇ ਜੀਅ ਮਾਣ-ਸਤਿਕਾਰ ਦੇਈਏ, ਨਹੀਂ ਤਾਂ ਤੁਰ ਜਾਣ ਪਿੱਛੋਂ ਇਨ੍ਹਾਂ ਦੇ ਨਾਂਵਾਂ 'ਤੇ ਮੇਲੇ ਕਰਾਉਣ ਦਾ ਕੋਈ ਲਾਭ ਨਹੀਂ। ਉਨ੍ਹਾਂ ਮੇਲਿਆਂ 'ਤੇ ਰੱਜਿਆਂ ਨੂੰ ਹੋਰ ਰਜਾਉਣ ਦੀ ਥਾਂ ਜੇ ਅਸੀਂ ਥੁੜ੍ਹਾਂ ਮਾਰਿਆਂ ਦੀਆਂ ਜ਼ਰੂਰਤਾਂ ਪੂਰਨ ਦੀ ਕੋਸ਼ਿਸ਼ ਕਰੀਏ ਤਾਂ ਇਸ ਨਾਲੋਂ ਚੰਗੀ ਗੱਲ ਹੋਰ ਨਹੀਂ ਹੋਵੇਗੀ।

# ਇੰਦਰਜੀਤ ਹਸਨਪੁਰੀ

(1932-2009)

ਜਦੋਂ ਵੀ ਉਸ ਦਾ ਫ਼ੋਨ ਆਉਂਦਾ, ਕਰਾਰੀ ਅਵਾਜ਼ ਨਿਹਾਲ ਕਰ ਜਾਂਦੀ। ਕਹਿੰਦਾ, 'ਫੱਟੇ ਚੱਕ ਦੇ...ਡਟਿਆ ਰਹਿ...ਤੇਰਾ ਫ਼ਲਾਣਾ ਲੇਖ ਪੜ੍ਹਿਆ ਸੀ...ਹੋਰ ਖੁੱਲ੍ਹ ਕੇ ਲਿਖ...ਲੀਹ ਤੋਂ ਨਾ ਭਟਕੀਂ...।' ਉਸ ਦੀਆਂ ਗੱਲਾਂ 'ਚੋਂ ਵੀਹ ਸਾਲਾ ਮੁੰਡਿਆਂ ਵਾਲਾ ਜੋਸ਼ ਝਲਕਦਾ। ਕਦੀ-ਕਦੀ ਉਹਨੇ ਲੁਧਿਆਣੇ ਆਉਣ ਲਈ ਕਹਿਣਾ...ਆਖਣਾ, 'ਲੰਮੀਆਂ-ਚੌੜੀਆਂ ਗੱਲਾਂ ਕਰਾਂਗੇ...ਬੜਾ ਕੁੱਝ ਦੱਸਣਾ ਤੈਨੂੰ...ਪੁਰਾਣੀਆਂ ਫ਼ਿਲਮਾਂ ਬਾਰੇ ਵੀ ਜਾਣਕਾਰੀ ਦਿਆਂਗਾ...।' ਪਰ ਬਦਕਿਸਮਤੀ ਨਾਲ ਉਸ ਨੂੰ ਘਰ ਜਾ ਕੇ ਮਿਲਣ ਦਾ ਸਬੱਬ ਨਾ ਬਣਿਆ।

ਇੰਦਰਜੀਤ ਹਸਨਪੁਰੀ ਨਾਮੀ ਪੰਜਾਬੀ ਗੀਤਕਾਰੀ ਤੇ ਫ਼ਿਲਮ ਜਗਤ ਦੀ ਵੱਡੇ ਕੱਦ ਵਾਲੀ ਸ਼ਖ਼ਸੀਅਤ ਦੇ ਤੁਰ ਜਾਣ ਦੀ ਖ਼ਬਰ 8 ਅਕਤੂਬਰ 2009 ਨੂੰ ਸੰਗੀਤ ਨਾਲ ਮੋਹ ਪਾਲਣ ਵਾਲਿਆਂ ਤੱਕ ਅੱਪੜੀ ਤਾਂ ਹਰ ਕੋਈ ਸੁੰਨ ਹੋ ਗਿਆ। ਅੱਖਾਂ ਅੱਗੇ ਪੋਚਵੀਂ ਪੱਗ ਬੰਨ੍ਹੀ, ਵਸਮਾ ਲਾਈ ਜ਼ਿੰਦਾਦਿਲ ਸ਼ਖਸੀਅਤ ਦੀ ਰੀਲ੍ਹ ਚੱਲਣ ਲੱਗੀ...ਮਨ ਮੰਨਣ ਲਈ ਤਿਆਰ ਨਾ ਹੋਇਆ ਕਿ ਇਹ ਸਭ ਸੱਚ ਹੋਵੇਗਾ...ਉਮੀਦ ਸੀ ਕਿ ਹੁਣੇ ਕੋਈ ਕਹੇਗਾ ਇਹ ਸਭ ਝੂਠ ਸੀ...ਉਹ ਤਾਂ ਚੰਗਾ-ਭਲਾ ਏ...ਕਿਸੇ ਨੇ ਐਵੇਂ ਅਫ਼ਵਾਹ ਫ਼ੈਲਾਈ ਸੀ।

ਬਦਕਿਸਮਤੀ ਨਾਲ ਖ਼ਬਰ ਸੋਲ੍ਹਾਂ ਆਨੇ ਸੱਚ ਸੀ। ਉਹ ਹਸਨਪੁਰੀ ਸਾਡੇ ਦਰਮਿਆਨ ਨਾ ਰਿਹਾ, ਜਿਸਦੀ ਕਲਮ ਦੀਆਂ ਗੱਲਾਂ ਸੱਥਾਂ 'ਚ ਬੈਠੇ ਬਾਬੇ ਕਰਦੇ ਨੇ...ਜਿਸਦੇ ਪੁਰਾਣੇ ਗੀਤਾਂ ਨੂੰ ਵੀ ਨਵੇਂ ਕਲਾਕਾਰਾਂ ਵੱਲੋਂ ਹੁੱਬ ਕੇ ਗਾਇਆ ਜਾਂਦਾ ਸੀ...ਜਿਸਦੀਆਂ ਫ਼ਿਲਮਾਂ ਨੇ ਲੰਮਾ ਸਮਾਂ ਸਿਨੇਮਾ ਪ੍ਰੇਮੀਆਂ ਦਾ ਮਨੋਰੰਜਨ ਕੀਤਾ ਸੀ।

ਕਿਸੇ ਨੂੰ ਨਹੀਂ ਸੀ ਪਤਾ ਕਿ ਲੁਧਿਆਣੇ ਦੇ ਦਇਆਨੰਦ ਹਸਪਤਾਲ ਵਿਚੋਂ ਖੁਦ ਚੱਲ ਕੇ ਆਉਣ ਦੀ ਥਾਂ ਉਸ ਦੀ ਮ੍ਰਿਤਕ ਦੇਹ ਬਾਹਰ ਆਵੇਗੀ। ਮੌਤ ਤੋਂ ਇੱਕ-ਦੋ ਦਿਨ ਪਹਿਲਾਂ ਖ਼ਬਰਾਂ ਮਿਲਣ ਲੱਗੀਆਂ ਸਨ ਕਿ ਉਸ ਨੂੰ ਬਨਾਉਟੀ ਸਾਹ ਦਿੱਤਾ ਜਾ ਰਿਹੈ...ਹਾਲਤ ਗੰਭੀਰ ਏ...।

ਕੁੱਝ ਸਾਲ ਪਹਿਲਾਂ ਉਹ ਗੁਰਦਿਆਂ ਦੇ ਰੋਗ ਤੋਂ ਪੀੜਤ ਹੋ ਗਿਆ, ਪਰ

ਬਿਮਾਰੀ ਭੁੱਲ ਉਹ ਜਵਾਨਾਂ ਵਾਂਗ ਗੀਤਾਂ ਸੰਗ ਗੀਤ ਹੋਇਆ ਰਹਿੰਦਾ। ਮਰਨ ਤੋਂ ਡੇਢ ਕੁ ਮਹੀਨਾ ਪਹਿਲਾਂ ਜਦੋਂ ਕਨੇਡਾ ਗਿਆ ਤਾਂ ਇੱਕ ਰੇਡੀਓ 'ਤੇ ਕਹਿ ਆਇਆ, 'ਬਹੁਤ ਛੇਤੀ ਇੱਕ ਫ਼ਿਲਮ ਸ਼ੁਰੂ ਕਰਾਂਗੇ...ਅੱਜ ਦੀਆਂ ਫ਼ਿਲਮਾਂ ਨਾਲੋਂ ਵੱਖਰੀ ਹੋਵੇਗੀ ਉਹ...।' ਕਿੰਨੇ ਉਤਸ਼ਾਹ ਨਾਲ ਕਹੀ ਸੀ ਇਹ ਗੱਲ, ਜੋ ਬਾਅਦ 'ਚ ਰੇਡੀਓ ਸੰਚਾਲਕਾਂ ਨੇ ਕਈਆਂ ਨਾਲ ਸਾਂਝੀ ਕੀਤੀ।

ਫ਼ਿਲਮਾਂ ਬਣਾਉਣਾ ਉਸ ਦਾ ਇਸ਼ਕ ਸੀ ਤੇ ਗੀਤਾਂ ਦੀ ਬੁਣਤੀ ਸਾਹਾਂ ਵਰਗੀ। ਉਹ ਆਖਦਾ, 'ਗੀਤ ਮੈਨੂੰ ਊਰਜਾ ਦਿੰਦੇ ਨੇ...ਇਨ੍ਹਾਂ ਨਾਲ ਮੈਨੂੰ ਏਨੀ ਖੁਸ਼ੀ ਮਿਲਦੀ ਏ, ਜਿੰਨੀ ਮਹਿਬੂਬਾ ਨੂੰ ਆਪਣੇ ਪਿਆਰੇ ਲਈ ਸਵੈਟਰ ਬੁਣ ਕੇ...ਮਨ ਦੇ ਵਲਵਲੇ ਮੈਂ ਗੀਤਾਂ ਰਾਹੀਂ ਸਾਂਝੇ ਕਰ ਲੈਨਾਂ...ਉਦਾਸੀ ਦਾ ਡੰਗਿਆ ਹੋਵਾਂ, ਉਦੋਂ ਵੀ ਗੀਤ ਸੁੱਝਦੇ ਨੇ...ਸਰੂਰ 'ਚ ਹੋਵਾਂ ਤਾਂ ਵੀ ਗੀਤ ਹੀ ਔੜਦੇ ਨੇ...।'

ਉਸ ਦੀ ਮੌਤ ਦੀ ਖ਼ਬਰ ਸਭ ਤੋਂ ਪਹਿਲਾਂ ਦੇਵ ਥਰੀਕੇ ਵਾਲਾ ਨੇ ਫੋਨ 'ਤੇ ਦੱਸੀ। ਬਾਪੂ ਦਾ ਗੱਚ ਭਰਿਆ ਸੀ। ਗੱਲ ਨਹੀਂ ਸੀ ਫੁਰ ਰਹੀ। ਰੋਂਦੇ-ਰੋਂਦੇ ਇਕੋ ਗੱਲ ਆਖੀ ਜਾਂਦੇ, 'ਮੇਰਾ ਉਸਤਾਦ...ਮੇਰਾ ਭਰਾ...ਜਹਾਨੋਂ ਤੁਰ ਗਿਆ...ਮੇਰੀ ਬਾਂਹ ਟੁੱਟ ਗਈ ਅੱਜ...ਹੁਣ ਮੈਂ ਦੁੱਖ-ਸੁੱਖ ਕੀਹਦੇ ਨਾਲ ਸਾਂਝਾ ਕਰਾਂਗਾ...।'

ਮਗਰੇ ਗੁਰਭਜਨ ਗਿੱਲ ਦਾ ਫੋਨ ਆ ਗਿਆ। ਉਹਨੇ ਵੀ ਏਸੇ ਖ਼ਬਰ ਦੀ ਪੁਸ਼ਟੀ ਕੀਤੀ ਤੇ ਫੇਰ ਦਸਾਂ ਕੁ ਮਿੰਟਾਂ 'ਚ ਪੰਜ-ਸੱਤ ਹੋਰ ਫੋਨਾਂ ਨੇ ਦੱਸ ਦਿੱਤਾ ਕਿ ਉਹ ਅਦਬੀ ਸ਼ਖ਼ਸੀਅਤ ਸਾਡੇ ਦਰਮਿਆਨ ਨਹੀਂ ਰਹੀ। ਸਿਰਫ਼ ਕਲਬੂਤ ਰਹਿ ਗਿਐ ਤੇ ਉਹ ਵੀ ਕੁੱਝ ਘੰਟਿਆਂ ਬਾਅਦ ਮਿੱਟੀ 'ਚ ਰਲ ਜਾਵੇਗਾ।

78ਵੇਂ ਵਰ੍ਹੇ 'ਚ ਹੋਣ ਕਰਕੇ ਹਸਨਪੁਰੀ ਦੇ ਹੱਡ ਪਹਿਲਾਂ ਜਿੰਨੇ ਨਰੋਏ ਨਹੀਂ ਸਨ, ਪਰ ਉਸ ਦੀਆਂ ਗੱਲਾਂ ਤੇ ਕੰਮਾਂ ਵਿਚਲਾ ਜੋਸ਼ ਰੱਤੀ ਘੱਟ ਨਹੀਂ ਸੀ। ਹਮਉਮਰ ਦੱਸਦੇ ਨੇ, 'ਦ੍ਰਿਸ਼ ਦੇਖ ਕੇ ਗੀਤ ਲਿਖਣ 'ਚ ਬੜਾ ਮਾਹਿਰ ਸੀ ਉਹ... ਬੜਾ ਫੁਰਤੀਲਾ ਸੀ...ਕਿਸੇ ਗੀਤ 'ਚ ਕਲਾਤਮਕ ਪੱਖ ਊਣਾ-ਪੌਣਾ ਨਾ ਹੁੰਦਾ...ਉਸ ਦੀ ਕਲਮ 'ਤੇ ਕੁਦਰਤ ਦੀ ਮਿਹਰ ਸੀ...।'

ਲੁਧਿਆਣਾ ਦੇ ਪਿੰਡ ਅਕਾਲਗੜ੍ਹ 'ਚ 20 ਅਗਸਤ 1932 ਨੂੰ ਜਨਮੇ ਇੰਦਰਜੀਤ ਹਸਨਪੁਰੀ ਨੇ ਜ਼ਿੰਦਗੀ ਦਾ ਵੱਡਾ ਹਿੱਸਾ ਅੰਤਾਂ ਦੇ ਸੰਘਰਸ਼ ਲੇਖੇ ਲਾਇਆ। ਪੇਂਟਰ ਦੇ ਕੰਮ ਵਿੱਚੋਂ ਉਸ ਨੇ ਰੋਟੀ ਲੱਭੀ। ਇਹ ਕੰਮ ਕਰਦਿਆਂ ਵੀ ਉਹ ਸੋਚ 'ਚ ਉੱਠਦੇ ਗੀਤਾਂ 'ਚ ਰੰਗ ਭਰਦਾ ਰਹਿੰਦਾ। ਜਦੋਂ ਇਨ੍ਹਾਂ ਗੀਤਾਂ ਨੂੰ ਗਾਇਕ ਦਾ ਸਾਥ ਮਿਲਦਾ ਤਾਂ ਮੂੰਹੋਂ ਨਿਕਲਦਾ, 'ਹਸਨਪੁਰੀ ਵਰਗਾ ਨਾ ਕੋਈ ਜੰਮਿਐ, ਨਾ

ਜੰਮਣੈ...।'

'ਗੜਵਾ ਚਾਂਦੀ ਦਾ' ਹਸਨਪੁਰੀ ਦਾ ਤਖ਼ੱਲਸ ਬਣ ਗਿਆ। ਕੋਈ 'ਗੜਵਾ ਚਾਂਦੀ ਦਾ' ਕਹਿੰਦਾ ਤਾਂ ਸਪੱਸ਼ਟ ਹੁੰਦਾ ਕਿ ਹਸਨਪੁਰੀ ਦੀ ਗੱਲ ਹੋ ਰਹੀ ਏ ਤੇ ਜੇ ਕੋਈ ਹਸਨਪੁਰੀ ਕਹਿੰਦਾ ਤਾਂ ਮੂੰਹੋਂ 'ਗੜਵਾ...' ਆਪਣੇ-ਆਪ ਨਿਕਲ ਜਾਂਦਾ। ਇਸ ਗੀਤ ਨੇ ਹਸਨਪੁਰੀ ਦੇ ਨਾਲ-ਨਾਲ ਕਈਆਂ ਦੀ ਕਿਸਮਤ ਨੂੰ ਭਾਗ ਲਾਏ। ਹਸਨਪੁਰੀ ਤਾਂ ਚਮਕਿਆ ਹੀ, ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦੀ ਪ੍ਰਸਿੱਧੀ ਵੀ ਸੱਤਵੇਂ ਅਸਮਾਨ ਜਾ ਪਹੁੰਚੀ। ਇਹ ਗੀਤ ਰਿਕਾਰਡ ਹੋਇਆਂ ਬੜੇ ਸਾਲ ਬੀਤ ਗਏ, ਪਰ ਇਸ ਦਾ ਮੁੱਲ ਰੱਤੀ ਭਰ ਨਾ ਘਟਿਆ। ਇਹੀ ਗੀਤ ਬਾਅਦ 'ਚ ਰਾਜ ਬਰਾੜ ਨੇ ਅਨੀਤਾ ਸਮਾਣਾ ਨਾਲ 'ਦੇਸੀ ਪੌਪ' 'ਚ ਗਾਇਆ ਤੇ ਸਭ ਜਾਣਦੇ ਨੇ ਕਿ ਮੁੜ ਕਿੰਨੀ ਵੱਡੀ ਬਾਜ਼ੀ ਮਾਰ ਗਿਆ ਸੀ ਇਹ।

ਹਸਨਪੁਰੀ ਦੇ ਘਰ ਦੇ ਮੁੱਖ ਦਰਵਾਜ਼ੇ 'ਤੇ ਲਿਖਿਆ 'ਗੜਵਾ ਚਾਂਦੀ ਦਾ' ਪੜ੍ਹ ਰਾਹੀ ਰੁਕ ਜਾਂਦੇ। ਪਛਾਣ ਕੱਢਦੇ...ਫ਼ੇਰ ਦਿਮਾਗ਼ 'ਚ ਆਉਂਦਾ, 'ਹਸਨਪੁਰੀ ਤੇਰਾ ਨੀਂ ਬਣਾ ਨਾ ਦੇਵੇ ਗੀਤ ਕਿਤੇ...ਮੋਰਾਂ ਵਾਂਗੂੰ ਪੈਲਾਂ ਪਾਂਦੀ ਦਾ...ਨੀਂ ਲੱਕ ਹਿੱਲੇ ਮਜਾਜਣ ਜਾਂਦੀ ਦਾ...', ਤੇ ਰਾਹੀ ਸਮਝ ਜਾਂਦਾ ਕਿ ਇਹ ਘਰ ਏਸ ਗੀਤ ਦੇ ਲਿਖਾਰੀ ਦਾ ਹੀ ਹੋਊ।

'ਲੈ ਜਾ ਛੱਲੀਆਂ ਭੁਨਾ ਲਈਂ ਦਾਣੇ', 'ਕੁੜਤੀ ਮਲਮਲ ਦੀ', 'ਚਰਖਾ ਮੇਰਾ ਰੰਗਲਾ ਵਿੱਚ ਸੋਨੇ ਦੀਆਂ ਮੇਖਾਂ', 'ਘੁੰਡ ਕੱਢ ਕੇ ਖੈਰ ਨਾ ਪਾਈਏ' ਸਮੇਤ ਦਰਜਨਾਂ ਹੋਰ ਗੀਤ ਦੱਸਣ ਲਈ ਕਾਫੀ ਨੇ ਕਿ ਹਸਨਪੁਰੀ ਪੰਜਾਬੀ ਗੀਤਕਾਰੀ ਦਾ ਅਜਿਹਾ ਸੂਰਜ ਸੀ, ਜਿਸਦੀ ਰੌਸ਼ਨੀ ਨਾਲ ਲੰਮਾ ਸਮਾਂ ਪੰਜਾਬੀ ਸੰਗੀਤ ਚਾਨਣ-ਚਾਨਣ ਹੁੰਦਾ ਰਿਹਾ...ਜਿਸਦੀ ਗੀਤਕਾਰੀ ਦੇ ਨਿੱਘ ਨੇ ਕਈਆਂ ਦੀ ਗ਼ਰੀਬੀ ਉਡੰਤਰ ਕੀਤੀ...ਰਿਕਾਰਡਾਂ ਵਾਲੇ ਦੌਰ 'ਚ ਕੰਪਨੀਆਂ ਦੀਆਂ ਝੋਲੀਆਂ ਭਰਨ 'ਚ ਵੱਡਾ ਯੋਗਦਾਨ ਪਾਇਆ।

ਹਸਨਪੁਰੀ ਦਸ ਕੁ ਸਾਲਾਂ ਦਾ ਸੀ, ਜਦੋਂ ਸਿਰ ਤੋਂ ਪਿਤਾ ਜਸਵੰਤ ਸਿੰਘ ਦਾ ਆਸਰਾ ਉੱਠ ਗਿਆ। ਉਸ ਦਾ ਜਹਾਨ ਲੁੱਟਿਆ ਗਿਆ। ਜਿਹੜੀ ਉਮਰੇ ਨਿਆਣੇ ਆਥਣ ਵੇਲ਼ੇ ਬਾਪੂ ਵੱਲੋਂ ਲਿਆਂਦੀ 'ਚੀਜ਼ੀ' ਉਡੀਕਦੇ ਨੇ, ਉਸ ਉਮਰੇ ਉਹ 'ਕੱਲਾ ਸੀ। ਰੋਟੀ ਦੇ ਜੁਗਾੜ ਲਈ ਉਹਨੇ ਬੜੇ ਪਾਪੜ ਵੇਲੇ। ਤਾਏ ਕੋਲ ਦਿੱਲੀ ਚਲਾ ਗਿਆ ਤੇ ਉਥੇ ਠੇਕੇਦਾਰੀ ਦਾ ਕੰਮ ਕੀਤਾ। ਰੋਜ਼ੀ ਲਈ ਭਾਵੇਂ ਬਹੁਤ ਕੁੱਝ ਕਰਨਾ ਪੈ ਰਿਹਾ ਸੀ, ਪਰ ਸੁਰਤ ਗੀਤਕਾਰੀ ਨਾਲ ਜੁੜੀ ਹੋਈ ਸੀ।

1960 'ਚ ਉਸ ਨੇ ਪਹਿਲੀ ਵਾਰ ਮਾਇਆ ਨਗਰੀ 'ਚ ਪੈਰ ਧਰਿਆ। ਇੱਥੇ ਉਸ ਦਾ ਮੇਲ ਬੜੇ ਗੀਤਕਾਰਾਂ ਤੇ ਅਦਾਕਾਰਾਂ ਨਾਲ ਹੋਇਆ। ਸੁਪਨਿਆਂ ਦੀ ਇਸ ਨਗਰੀ ਨੂੰ ਹਸਨਪੁਰੀ ਕੰਮ ਦਾ ਬੰਦਾ ਜਾਪਿਆ। ਉਸ ਨੇ ਪਹਿਲੀ ਵਾਰ 'ਨਹੀਂ ਰੀਸਾਂ ਪੰਜਾਬ ਦੀਆਂ' ਫ਼ਿਲਮ ਲਈ ਗੀਤ ਲਿਖੇ, ਜਿਨ੍ਹਾਂ ਨੂੰ ਮੁਹੰਮਦ ਰਫ਼ੀ ਤੇ ਆਸ਼ਾ ਭੌਂਸਲੇ ਨੇ ਗਾਇਆ। ਇਨ੍ਹਾਂ ਗੀਤਾਂ ਉਸ ਨੂੰ ਅਜਿਹੀ ਬ੍ਰੇਕ ਦਿੱਤੀ ਕਿ ਫ਼ਿਲਮ ਨਗਰੀ 'ਚ ਉਸ ਦੀ ਪਛਾਣ ਗੂੜ੍ਹੀ ਹੋਣ ਲੱਗੀ। ਹਮਉਮਰ ਕਹਿੰਦੇ ਨੇ ਕਿ ਸਾਹਨੇਵਾਲ ਵਾਲਾ ਧਰਮਿੰਦਰ ਉਸ ਦਾ ਜਿਗਰੀ ਯਾਰ ਸੀ ਤੇ ਉਸ ਦੀ ਕਹੀ ਗੱਲ ਘੱਟ ਹੀ ਮੋੜਦਾ ਸੀ।

ਹਸਨਪੁਰੀ ਖੁਸ਼ਕਿਸਮਤ ਰਿਹਾ ਕਿ ਉਸ ਨੂੰ ਸਮਕਾਲੀ ਗੀਤਕਾਰਾਂ ਵਾਂਗ ਅੰਤਲੇ ਵੇਲ਼ੇ ਭੁੱਖ ਨਾਲ ਨਾ ਲੜਨਾ ਪਿਆ। ਕਲਮ ਨੇ ਉਸ ਨੂੰ ਬੇਪਨਾਹ ਸ਼ੋਹਰਤ ਦਿੱਤੀ, ਜ਼ਿੰਦਗੀ ਨਿਰਬਾਹ ਲਈ ਮਾਇਕ ਪੱਖ ਵੀ ਵਧੀਆ ਰਿਹਾ, ਧੀਆਂ-ਪੁੱਤ ਚੰਗੇ ਕੰਮੀਂ ਲੱਗ ਗਏ, ਪਰ ਉਸ ਦੀਆਂ ਗੱਲਾਂ 'ਚੋਂ ਹਮੇਸ਼ਾ ਇੱਕ ਚਿੰਤਾ ਝਲਕਦੀ, 'ਨਵੇਂ ਗਾਉਣ ਵਾਲੇ ਗਾਇਕੀ ਦਾ ਬੇੜਾ ਗਰਕ ਕਰੀ ਜਾ ਰਹੇ ਨੇ...ਗੀਤਕਾਰਾਂ ਨੂੰ ਅਕਲ ਦੀ ਗੱਲ ਨਹੀਂ ਆਉਂਦੀ...ਸਭ ਟੂੱਲ ਲਾਉਣ 'ਚ ਮਸਤ ਨੇ...।'

ਮੋਟੇ ਅੰਦਾਜ਼ੇ ਮੁਤਾਬਕ ਹਸਨਪੁਰੀ ਦੇ ਢਾਈ ਕੁ ਹਜ਼ਾਰ ਗੀਤ ਰਿਕਾਰਡ ਹੋਏ, ਜਿਨ੍ਹਾਂ ਨੂੰ ਨਵੇਂ ਪੋਚ ਦਿਆਂ ਨੇ ਘੱਟ ਤੇ ਉਸ ਦੇ ਹਮਉਮਰਾਂ ਵੱਧ ਗਾਇਆ। ਉਸ ਦੇ ਗੀਤਾਂ ਨੂੰ ਮੁਹੰਮਦ ਰਫ਼ੀ, ਮਹਿੰਦਰ ਕਪੂਰ, ਆਸ਼ਾ ਭੌਂਸਲੇ, ਕੇ.ਦੀਪ-ਜਗਮੋਹਣ ਕੌਰ, ਸੁਰਿੰਦਰ ਕੌਰ, ਹਰਚਰਨ ਗਰੇਵਾਲ, ਨਰਿੰਦਰ ਬੀਬਾ, ਚਾਂਦੀ ਰਾਮ ਚਾਂਦੀ, ਬਖ਼ਸ਼ੀ ਰਾਮ, ਸਵਰਨ ਲਤਾ, ਸੁਰਿੰਦਰ ਸ਼ਿੰਦਾ, ਪਾਲੀ ਦੇਤਵਾਲੀਆ ਤੇ ਦਰਜਨਾਂ ਹੋਰਾਂ ਨੇ ਗਾਇਆ। ਦਰਜਨ ਤੋਂ ਵੱਧ ਫ਼ਿਲਮਾਂ ਲਈ ਗੀਤ ਲਿਖੇ। ਕਈ ਫ਼ਿਲਮਾਂ ਖੁਦ ਵੀ ਬਣਾਈਆਂ, ਜਿਸ ਕਰਕੇ ਉਸ ਨੂੰ ਚੰਗੇ ਗੀਤਕਾਰ ਦੇ ਨਾਲ-ਨਾਲ ਮੰਝਿਆ ਹੋਇਆ ਫ਼ਿਲਮਸਾਜ਼ ਤੇ ਕਵੀ ਮੰਨਿਆ ਜਾਂਦਾ ਸੀ। 'ਮਨ ਜੀਤੇ ਜਗ ਜੀਤ', 'ਦੁੱਖ ਭੰਜਨ ਤੇਰਾ ਨਾਮ', 'ਧਰਮਜੀਤ', 'ਯਮਲਾ ਜੱਟ', 'ਮਾਂ ਦਾ ਲਾਡਲਾ' ਅਤੇ 'ਚੋਰਾਂ ਨੂੰ ਮੋਰ' ਫ਼ਿਲਮਾਂ ਲਈ ਉਸ ਨੇ ਗੀਤ ਲਿਖੇ। 1975 'ਚ ਉਸ ਨੇ 'ਤੇਰੀ ਮੇਰੀ ਇੱਕ ਜ਼ਿੰਦੜੀ' ਫ਼ਿਲਮ ਬਣਾਈ, 1977 'ਚ 'ਦਾਜ' ਤੇ 1979 ਵਿੱਚ 'ਸੁਖੀ ਪਰਿਵਾਰ'।

ਹਸਨਪੁਰੀ ਦੇ ਗੀਤਾਂ ਦੀਆਂ ਦਰਜਨ ਦੇ ਕਰੀਬ ਪੁਸਤਕਾਂ 'ਔਸੀਆਂ', 'ਜ਼ਿੰਦਗੀ ਦੇ ਗੀਤ', 'ਸਮੇਂ ਦੀ ਅਵਾਜ਼', 'ਜੋਬਨ ਨਵਾਂ ਨਕੋਰ', 'ਰੂਪ ਤੇਰਾ ਰੱਬ

ਵਰਗਾ', 'ਮੇਰੇ ਜਿਹੀ ਕੋਈ ਜੱਟੀ ਨਾ', 'ਗੀਤ ਮੇਰੇ ਮੀਤ', 'ਕਿੱਥੇ ਗਏ ਉਹ ਦਿਨ ਅਸਲਮ' ਤੇ 'ਮੋਤੀਆਂ ਦੇ ਬਾਗ਼' ਨਾਂਵਾਂ ਹੇਠ ਛਪੀਆਂ।

ਜਗਦੇਵ ਸਿੰਘ ਜੱਸੋਵਾਲ, ਗੁਰਭਜਨ ਗਿੱਲ ਤੇ ਪ੍ਰੋਫ਼ੈਸਰ ਮੋਹਣ ਸਿੰਘ ਫਾਊਂਡੇਸ਼ਨ ਦੇ ਬਾਕੀ ਮੈਂਬਰਾਂ ਨਾਲ ਉਸ ਦਾ ਬਹੁਤ ਨੇੜ ਸੀ। ਜਦੋਂ ਹਸਨਪੁਰੀ ਹਸਪਤਾਲ ਪਹੁੰਚ ਗਿਆ ਤਾਂ ਫਾਊਂਡੇਸ਼ਨ ਮੈਂਬਰਾਂ ਨੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਹੀਰਾ ਸਿੰਘ ਗਾਬੜੀਆ ਨਾਲ ਸੰਪਰਕ ਕਰਕੇ ਉਸ ਦਾ ਇਲਾਜ ਸਰਕਾਰੀ ਖਰਚ 'ਤੇ ਕਰਾਉਣ ਦੀ ਗੱਲ ਕੀਤੀ। ਗੱਲ ਮੰਨ ਲਈ ਗਈ ਤੇ ਅਗਲੇ ਦਿਨ ਮੁੱਖ ਮੰਤਰੀ ਨੇ ਐਲਾਨ ਕਰ ਦਿੱਤਾ ਕਿ ਇਲਾਜ ਦਾ ਖਰਚ ਪੰਜਾਬ ਸਰਕਾਰ ਕਰੇਗੀ। ਪਰ ਇਹ ਐਲਾਨ ਉਸ ਦੀ ਜ਼ਿੰਦਗੀ ਲਈ ਦਾਰੂ ਸਾਬਤ ਨਾਲ ਹੋਇਆ।

ਇੰਦਰਜੀਤ ਹਸਨਪੁਰੀ ਨੂੰ ਸਾਡੇ ਕੋਲੋਂ ਗਿਆਂ ਸਾਲ ਵਧਦੇ ਜਾਣਗੇ, ਪਰ ਉਸ ਦੀਆਂ ਯਾਦਾਂ ਤੇ ਗੀਤ ਕਦੇ ਨਹੀਂ ਭੁੱਲਣਗੇ। 'ਚਾਂਦੀ ਦੇ ਗੜਵੇ' ਦੀ ਰੰਗਤ ਕਦੇ ਫਿੱਕੀ ਨਹੀਂ ਪਵੇਗੀ। ਪੰਜਾਬੀ ਸੰਗੀਤ ਦਾ ਹਰ ਆਸ਼ਕ ਉਸ ਦੀ ਕਲਮ ਦਾ ਮੁਰੀਦ ਰਹੇਗਾ। ਬੰਦੇ ਦੀ ਬਣੀ-ਬਣਾਈ ਦਾ ਪਤਾ ਅਰਥੀ ਪਿੱਛੇ ਤੁਰਨ ਵਾਲਿਆਂ ਤੋਂ ਲੱਗਦੈ ਤੇ ਹਸਨਪੁਰੀ ਦੀ ਅੰਤਿਮ ਯਾਤਰਾ ਅਤੇ ਅੰਤਿਮ ਅਰਦਾਸ ਮੌਕੇ ਪਰਿਵਾਰਕ ਮੈਂਬਰਾਂ, ਦੋਸਤਾਂ-ਮਿੱਤਰਾਂ ਤੇ ਪ੍ਰਸ਼ੰਸਕਾਂ ਦਾ ਜਿੰਨਾ ਵੱਡਾ ਇਕੱਠਾ ਸੀ, ਉਸ ਤੋਂ ਅੰਦਾਜ਼ਾ ਲੱਗ ਗਿਆ ਕਿ ਉਸ ਦੀ ਕਲਾ ਦੇ ਕਦਰਦਾਨ ਕਿੰਨੇ ਜ਼ਿਆਦਾ ਨੇ।

ਉਸ ਦੇ ਗੀਤਾਂ ਦਾ ਹੁਸਨ ਫਿੱਕਾ ਨਹੀਂ ਪਵੇਗਾ...ਇਹ ਉਮੀਦ ਸਾਨੂੰ ਹੀ ਨਹੀਂ, ਹਰ ਸੰਗੀਤ ਪ੍ਰੇਮੀ ਨੂੰ ਹੈ। ਉਸ ਦੇ ਗੀਤ ਨਵਿਆਂ ਲਈ ਚਾਨਣ ਮੁਨਾਰਾ ਸਾਬਤ ਹੋਣਗੇ, ਨਵੇਂ ਫ਼ਿਲਮਸਾਜ਼ ਉਸ ਦੇ ਪੂਰਨਿਆਂ 'ਤੇ ਚੱਲ ਕੇ ਮਾਣ ਮਹਿਸੂਸ ਕਰਨਗੇ, ਇਸ ਗੱਲ ਦਾ ਵੀ ਯਕੀਨ ਕਰਨਾ ਬਣਦਾ ਹੈ।

# ਕੁਲਵਿੰਦਰ ਢਿੱਲੋਂ

## (1975-2006)

31 ਸਾਲ ਦੀ ਉਮਰੇ ਜਦੋਂ ਕੁਲਵਿੰਦਰ ਢਿੱਲੋਂ ਦੀ ਗਾਇਕੀ ਦਾ ਸੂਰਜ ਚਮਕ ਰਿਹਾ ਸੀ ਤਾਂ ਅਚਾਨਕ ਉਸ ਨੂੰ ਮੌਤ ਦੇ ਬੱਦਲਾਂ ਨੇ ਘੇਰ ਲਿਆ। ਕਿੰਨਾ ਦੁੱਖ ਹੋਇਆ ਸੀ ਉਸ ਦੀ ਮੌਤ ਬਾਰੇ ਜਾਣ ਕੇ। ਮੀਂਹ ਦੇ ਦਿਨਾਂ 'ਚ ਗ਼ਰੀਬ ਦੀ ਛੱਤ ਵਾਂਗ ਹਰ ਅੱਖ ਚੋਈ ਸੀ। ਕੱਲ੍ਹ ਤੱਕ ਜਿਹੜੇ ਕੁਲਵਿੰਦਰ ਦੀ ਦਮਦਾਰ ਅਵਾਜ਼ ਬਾਰੇ ਗੱਲਾਂ ਹੁੰਦੀਆਂ ਸਨ, ਉਹ ਅਵਾਜ਼ ਸ਼ਾਂਤ ਹੋ ਚੁੱਕੀ ਸੀ। ਹੁਣ ਉਸ ਨੇ ਕਦੇ ਨਹੀਂ ਸੀ ਗਾਉਣਾ, ਕਦੇ ਹੱਸ ਕੇ ਨਹੀਂ ਸੀ ਮਿਲਣਾ, ਨਾ ਕਿਸੇ ਦੇ ਦੁੱਖ-ਸੁੱਖ 'ਚ ਸ਼ਰੀਕ ਹੋਣਾ ਸੀ। ਬਸ ਗੀਤ ਸੁਣ-ਸੁਣ ਉਸ ਦੀ ਅਵਾਜ਼ 'ਤੇ ਰਸ਼ਕ ਹੋਣਾ ਸੀ ਤੇ ਕੁਦਰਤ 'ਤੇ ਗਿਲਾ ਰਹਿਣਾ ਸੀ ਕਿ ਉਹਨੇ 'ਪੰਡੋਰੀ ਲੱਧਾ ਸਿੰਘ' ਦੇ ਢਿੱਲੋਂ ਪਰਿਵਾਰ 'ਤੇ ਕਹਿਰ ਕਿਉਂ ਢਾਹਿਆ? ਗੋਦੀ 'ਚ ਬੈਠਣਾ ਸਿੱਖ ਰਿਹਾ ਉਸ ਦਾ ਪੁੱਤਰ ਕੀ ਜਾਣੇ ਕਿ ਘਰ 'ਚ ਕਾਹਦਾ ਸੋਗ ਪਿਐ, ਉਹ ਤਾਂ ਸਮਝ ਰਿਹਾ ਸੀ ਕਿ ਡੈਡੀ ਗੂੜ੍ਹੀ ਨੀਂਦ ਸੁੱਤੈ। ਘਰਵਾਲੀ ਦਾ ਬੁਰਾ ਹਾਲ ਦੇਖਿਆ ਨਹੀਂ ਸੀ ਜਾਂਦਾ, ਦੋਸਤ ਇੱਕ-ਦੂਜੇ ਦੇ ਮੋਢੇ ਲੱਗ ਰੋ ਰਹੇ ਸਨ, ਪਰ ਢਿੱਲੋਂ ਖਾਮੋਸ਼ ਪਿਆ ਸੀ, ਜਿਵੇਂ ਪ੍ਰੋਗਰਾਮ ਲਾ-ਲਾ, ਗੀਤ ਗਾ-ਗਾ ਥੱਕ ਗਿਆ ਹੋਵੇ।

ਸ਼ਿਵ ਕੁਮਾਰ ਬਟਾਲਵੀ ਦੀਆਂ ਸਤਰਾਂ 'ਜੋਬਨ ਰੁੱਤੇ ਜਦ ਕੋਈ ਮਰਦਾ ਫੁੱਲ ਬਣੇ ਜਾਂ ਤਾਰਾ' ਕੁਲਵਿੰਦਰ 'ਤੇ ਇੰਨ-ਬਿੰਨ ਢੁੱਕਦੀਆਂ ਨੇ। ਕਾਰ ਹਾਦਸਾ ਉਸ ਦੀ ਜਾਨ ਦਾ ਖੌਅ ਬਣ ਗਿਆ। ਮਸੀਂ ਕੀਤੀ ਮਿਹਨਤ ਦਾ ਸਵਾਦ ਚੱਖਣ ਦੇ ਦਿਨ ਆਏ ਸਨ, ਪਰ ਇਹ ਉਸ ਦੇ ਭਾਗਾਂ 'ਚ ਨਹੀਂ ਸੀ। ਉਹ ਯਾਰਾਂ ਦਾ ਯਾਰ ਸੀ, ਨੀਤ ਦਾ ਸਾਫ਼ ਤੇ ਵਚਨਾਂ ਦਾ ਪੱਕਾ। ਉਸ ਦੇ ਭੋਗ ਵਾਲੇ ਦਿਨ ਹੋਏ ਇਕੱਠ ਤੋਂ ਪਤਾ ਲੱਗਦਾ ਸੀ ਕਿ ਲੋਕ ਉਹਨੂੰ ਕਿੰਨਾ ਮੋਹ ਕਰਦੇ ਸਨ। ਭੋਗ ਮੌਕੇ ਬੜੇ ਬੁਲਾਰਿਆਂ ਦੁੱਖ ਪ੍ਰਗਟ ਕੀਤਾ, ਸ਼ਰਧਾਂਜਲੀਆਂ ਦਿੱਤੀਆਂ, ਨਾਮੀ ਗਾਇਕਾਂ ਦਾਅਵੇ ਤੇ ਵਾਅਦੇ ਕੀਤੇ, ਕਿਸੇ ਨੇ ਕਿਹਾ, 'ਕੁਲਵਿੰਦਰ ਦੇ ਮੁੰਡੇ ਨੂੰ ਅਸੀਂ ਪੜ੍ਹਾਵਾਂਗੇ', ਕਿਸੇ ਆਖਿਆ, 'ਟੱਬਰ ਦਾ ਦੁੱਖ-ਸੁੱਖ ਪੁੱਛਣ ਆਉਂਦੇ ਰਹਾਂਗੇ।' ਪਰ ਬਾਅਦ 'ਚ ਇੱਕ-ਦੋ ਨੂੰ ਛੱਡ ਕਿਸੇ ਦੀ ਗੱਡੀ ਪਿੰਡ ਵਾਲੀ ਸੜਕ ਨਾ ਚੜ੍ਹੀ, ਨਾ ਹੀ ਕਿਸੇ ਨੂੰ ਚੇਤਾ ਆਇਆ ਕਿ ਉਸ ਦਾ ਮੁੰਡਾ ਸਕੂਲ ਜਾਣ ਵਾਲਾ ਹੋ ਗਿਐ।

ਕੁਲਵਿੰਦਰ ਦੀ ਅਵਾਜ਼ 'ਚ ਬੜੀ ਖਿੱਚ ਸੀ। ਉਹ ਉੱਚੀ ਸੁਰ 'ਚ ਗਾਉਂਦਾ ਤਾਂ ਬਿੰਦਰਖੀਏ ਦਾ ਭੁਲੇਖਾ ਪੈ ਜਾਂਦਾ। ਵੱਖਰੀ ਅਵਾਜ਼ ਕਾਰਨ ਉਹ ਛੇਤੀ ਹੀ ਹਾਣੀ ਗਾਇਕਾਂ ਨਾਲੋਂ ਮੂਹਰੇ ਨਿਕਲਣ 'ਚ ਸਫ਼ਲ ਹੋ ਗਿਆ। ਅੱਜ ਜਿੰਨੇ ਗਵੰਤਰੀ ਚੈਨਲਾਂ 'ਤੇ ਦਿਸ ਰਹੇ ਨੇ, ਇੱਕ-ਅੱਧ ਤੋਂ ਛੁੱਟ ਕੋਈ ਕੁਲਵਿੰਦਰ ਵਾਂਗ ਗਾਉਂਦਾ ਨਹੀਂ ਲੱਭਦਾ। ਗਾਇਆ ਭਾਵੇਂ ਉਸ ਨੇ ਵਕਤੀ ਜਿਹਾ, ਪਰ ਹਰ ਗੀਤ ਨਾਲ ਇਸ ਕਦਰ ਨਿਭਿਆ ਕਿ ਸੁਣਨ ਵਾਲਾ ਕਹਿ ਉੱਠਦਾ, 'ਫ਼ਲਾਣੇ-ਫ਼ਲਾਣੇ ਦੀ ਅਵਾਜ਼ ਤਾਂ ਇਹਦੇ ਮੁਕਾਬਲੇ ਰੱਤੀ ਭਰ ਵੀ ਨਹੀਂ...।'

ਤਿੰਨ-ਚਾਰ ਹੋਰਾਂ ਵਾਂਗ ਕੁਲਵਿੰਦਰ 'ਫਾਈਨਟੋਨ ਕੈਂਪ' ਦਾ ਪੱਕਾ ਗਾਇਕ ਰਿਹਾ। ਨਾ ਉਸ ਨੇ ਕੈਂਪ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਤੇ ਨਾ ਰਾਜਿੰਦਰ ਸਿੰਘ ਨੂੰ ਝਕਾਨੀ ਦੇਣ ਦੀ। ਉਹ ਆਪਣੇ ਹਿੱਸੇ ਆਉਂਦੀ ਡਿਊਟੀ ਕਰੀ ਗਿਆ ਤੇ ਕੰਪਨੀ ਆਪਣੇ ਹਿੱਸੇ ਆਉਂਦੀ। ਇੱਕ ਵੇਲ਼ਾ ਅਜਿਹਾ ਆਇਆ, ਜਦੋਂ ਉਸ ਦੀ ਹਰ ਕੈਸਿਟ ਸਫ਼ਲਤਾ ਦੀ ਗਵਾਹ ਬਣਨ ਲੱਗੀ। ਚੈਨਲਾਂ 'ਤੇ ਪ੍ਰੋਮੋ ਚੱਲਣ ਦੇ ਪਹਿਲੇ ਹੀ ਦਿਨ ਨਵੀਂ ਕੈਸਿਟ ਦੀਆਂ ਗੱਲਾਂ ਹੋਣ ਲੱਗਦੀਆਂ ਤੇ ਹਫ਼ਤੇ ਕੁ 'ਚ ਪਤਾ ਲੱਗਦਾ ਕਿ ਕੈਸਿਟ ਨਿਰਧਾਰਤ ਅੰਕੜਾ ਪਾਰ ਕਰ ਚੁੱਕੀ ਹੈ।

ਯਾਦ ਹੈ ਉਹ ਦਿਨ, ਜਦੋਂ ਚੈਨਲਾਂ 'ਤੇ ਉਸ ਦਾ ਪੰਦਰਾਂ ਕੁ ਸੈਕਿੰਡ ਦਾ ਪ੍ਰੋਮੋ ਚੱਲਿਆ ਸੀ, 'ਕਾਲਜ 'ਚ ਕੁੰਢੀਆਂ ਦੇ ਸਿੰਗ ਫਸਗੇ, ਤੂੰ ਪਵਾ'ਤੇ ਪਿੱਟਣੇ।' ਮੈਦਾਨ-ਏ-ਜੰਗ 'ਚ ਵੈਰੀ ਨੂੰ ਲਲਕਾਰਨ ਵਾਲੀ ਉਸ ਦੀ ਅਵਾਜ਼ ਏਨੇ ਕੁ ਬੋਲਾਂ ਨਾਲ ਹੀ ਸਭ ਨੂੰ ਮੋਹ ਗਈ ਤੇ ਇਹੀ ਕੈਸਿਟ 'ਫਾਈਨਟੋਨ' ਟੀਮ ਦੇ ਚਿਹਰਿਆਂ 'ਤੇ ਰੌਣਕ ਲਿਆਉਣ 'ਚ ਕਾਮਯਾਬ ਹੋਈ।

ਕੁਲਵਿੰਦਰ ਨਾਲ ਬਿਤਾਏ ਉਹ ਪਲ ਨਹੀਂ ਭੁੱਲਦੇ, ਜਦੋਂ ਚੰਡੀਗੜ੍ਹ ਦੇ ਇੱਕ ਹੋਟਲ 'ਚ ਸੰਗੀਤਕਾਰ ਸੁੱਖਪਾਲ ਸੁੱਖ ਦੀ ਧੀ ਦਾ ਜਨਮ ਦਿਨ ਮਨਾਇਆ ਸੀ। ਦਰਜਨਾਂ ਕਲਾਕਾਰ ਪਹੁੰਚੇ ਸਨ। ਸੰਗੀਤਕਾਰ ਵਜੋਂ ਸੁੱਖ ਦੀ ਸਰਦਾਰੀ ਸੀ। ਉਸ ਦੇ ਸੰਗੀਤ 'ਚ ਆਈ ਹਰ ਕੈਸਿਟ ਹੱਥੋ-ਹੱਥ ਵਿਕਦੀ। ਉਸ ਦੀ ਬੀਟ ਦੀਆਂ ਗੱਲਾਂ ਹੁੰਦੀਆਂ, ਕਲਾਕਾਰ ਉਸ ਨੂੰ ਮਿਲਣ ਲਈ ਪਹਿਲਾਂ ਹੀ ਸਮਾਂ ਬੁੱਕ ਕਰਾ ਛੱਡਦੇ। ਜਨਮ ਦਿਨ ਦੀ ਖੁਸ਼ੀ 'ਚ ਸ਼ਰੀਕ ਹੋਣ ਕੁਲਵਿੰਦਰ ਵੀ ਪੂਰੀ 'ਫਾਈਨਟੋਨ' ਟੀਮ ਨਾਲ ਪਹੁੰਚਿਆ ਸੀ। ਸੁੱਖ ਨੇ ਐਲਾਨ ਕੀਤਾ, 'ਹੁਣ ਡਾਂਡੀਆ ਮੁਕਾਬਲਾ ਹੋਵੇਗਾ...ਫ਼ਲਾਣੇ-ਫ਼ਲਾਣੇ ਗਾਇਕ ਹਿੱਸਾ ਲੈਣਗੇ...।' ਡੰਡੇ ਜਿਹੇ ਫੜਾ ਦਿੱਤੇ ਗਏ। ਕੁਲਵਿੰਦਰ, ਦਿਲਜੀਤ ਤੇ ਗੁਰਕ੍ਰਿਪਾਲ ਸੁਰਾਪੁਰੀ ਦਾ ਮੁਕਾਬਲਾ ਸਭ ਦਾ

ਧਿਆਨ ਖਿੱਚੀ ਜਾਂਦਾ। ਜਿੱਤ ਭਾਵੇਂ ਸੂਰਾਪੁਰੀ ਹਿੱਸੇ ਆਈ, ਪਰ ਕੁਲਵਿੰਦਰ ਦੇ ਸੋਨੇ ਰੰਗੇ ਵਾਲ਼, ਖਿੱਚ ਪਾਊ ਪਹਿਰਾਵਾ ਤੇ ਹੱਸ-ਹੱਸ ਗੱਲਾਂ ਕਰਨਾ ਅੱਜ ਵੀ ਅੱਖਾਂ ਮੂਹਰੇ ਆ ਜਾਂਦੈ।

ਉਸ ਦੀ ਕੈਸਿਟ 'ਕਚਹਿਰੀਆਂ 'ਚ ਮੇਲੇ ਲੱਗਦੇ' ਨੇ ਸਭ ਦਾ ਧਿਆਨ ਖਿੱਚਿਆ। ਅੱਜ ਵੀ ਇਹ ਗੀਤ ਡੀ.ਜੇ. 'ਤੇ ਆਮ ਵੱਜਦੈ। ਦਿਨਾਂ 'ਚ ਹੀ ਕੈਸਿਟਾਂ ਵਾਲਾ ਗੋਦਾਮ ਖਾਲੀ ਹੋ ਗਿਆ। ਕੁਲਵਿੰਦਰ ਦੀ ਪੱਕੀ ਪਛਾਣ 'ਕਚਹਿਰੀਆਂ 'ਚ ਮੇਲੇ' ਲਾਉਣ ਵਾਲੇ ਗਾਇਕ ਵਜੋਂ ਬਣ ਗਈ। ਇੱਕ ਵਰਗ ਨੂੰ ਇਹ ਗੀਤ ਚੰਗਾ ਲੱਗਾ ਤੇ ਦੂਜੇ ਨੂੰ ਗੁੰਮਰਾਹ ਕਰਨ ਵਾਲਾ। ਸਿਫ਼ਤਾਂ ਦੇ ਪੁਲ ਬੰਨ੍ਹਣ ਕਰਕੇ ਜੱਟਾਂ ਨੂੰ ਢਿੱਲੋਂ ਆਪਣਾ-ਆਪਣਾ ਲੱਗਾ, ਦੂਜੇ ਪਾਸੇ ਬੁੱਧੀਜੀਵੀ ਵਰਗ ਵੱਲੋਂ ਉਸ ਦੀ ਖਿਲਾਫ਼ਤ ਕੀਤੀ ਗਈ। ਬੁੱਧੀਜੀਵੀਆਂ ਦਾ ਤਰਕ ਸੀ ਕਿ ਜੱਟ ਅਣਗਿਣਤ ਸਮੱਸਿਆਵਾਂ ਨਾਲ ਜੂਝ ਰਿਹੈ, ਕਚਹਿਰੀਆਂ ਦੇ ਗੇੜਿਆਂ ਨੇ ਉਸਦੀਆਂ ਜ਼ਮੀਨਾਂ ਗਹਿਣੇ ਕਰਾ ਛੱਡੀਆਂ, ਪਰ ਗਾਇਕ ਆਖ ਰਿਹੈ ਕਿ ਜਦੋਂ ਜੱਟ ਦੀ ਤਰੀਕ ਪੈਂਦੀ ਏ ਤਾਂ ਮੇਲੇ ਲੱਗਦੇ ਨੇ।

ਇਸ ਗੀਤ ਪਿੱਛੋਂ ਕੁਲਵਿੰਦਰ ਦਾ ਹਰ ਦਿਨ ਬੁੱਕ ਸੀ। ਅੱਜ ਕਿਤੇ, ਕੱਲ੍ਹ ਕਿਤੇ। ਇੱਕੋ ਗੀਤ ਨੇ ਉਸ ਨੂੰ ਪੰਜਾਬ ਦੇ ਹਰ ਮੈਰਿਜ ਪੈਲਿਸ ਦੀ ਸੈਰ ਕਰਾ ਦਿੱਤੀ। 'ਫਾਈਨਟੋਨ' ਕਿਉਂਕਿ ਕਲਾਕਾਰਾਂ ਨੂੰ ਪੂਰੀ ਤਰ੍ਹਾਂ ਹੱਥ 'ਚ ਰੱਖਦੀ ਸੀ, ਇਸ ਕਰਕੇ ਕੁਲਵਿੰਦਰ ਦਾ ਕੰਮ ਸਿਰਫ਼ ਪ੍ਰੋਗਰਾਮ ਲਾਉਣਾ ਹੁੰਦਾ, ਪ੍ਰੋਗਰਾਮ ਕਿੰਨੇ 'ਚ ਬੁੱਕ ਹੋਇਆ ਤੇ ਕਿਹੜੀ ਤਰੀਕ ਨੂੰ ਕਿਹੜੀ ਥਾਂ ਪਹੁੰਚਣਾ, ਇਸ ਦਾ ਪਤਾ ਸਿਰਫ਼ ਕੁਲਦੀਪ ਜੋਧਾਂ ਨੂੰ ਹੁੰਦਾ।

ਦਮਦਾਰ ਅਵਾਜ਼ ਦੇ ਬਾਵਜੂਦ ਕੁਲਵਿੰਦਰ ਨੇ ਬਠਿੰਡਾ ਮਾਰਕਾ ਗੀਤਾਂ ਵੱਲ ਝੁਕਾਅ ਜ਼ਿਆਦਾ ਰੱਖਿਆ। ਜੇ ਉਹ ਸਮਾਜਿਕ ਕਦਰਾਂ-ਕੀਮਤਾਂ ਨੂੰ ਦਰਸਾਉਂਦੇ ਗੀਤ ਗਾਉਂਦਾ ਤਾਂ ਉਸ ਦੀ ਮਹਿਮਾ ਜ਼ਿਆਦਾ ਹੁੰਦੀ। ਅਗਲੇ ਪਲ ਖਿਆਲ ਆਉਂਦੈ ਕਿ ਚੰਗਾ-ਮੰਦਾ ਗਾਉਣਾ ਉਸ ਦੇ ਆਪਣੇ ਵੱਸ ਨਹੀਂ ਸੀ। ਜਿਹੜੀ ਟੀਮ ਨਾਲ ਉਹ ਜੁੜਿਆ ਸੀ, ਉਥੇ ਕੈਸਿਟ ਦੀ ਤਿਆਰੀ ਤੋਂ ਚੈਨਲ ਪ੍ਰਚਾਰ ਤੱਕ ਤੇ ਫੇਰ ਬੁਕਿੰਗ ਤੱਕ ਸਭ ਕੁੱਝ ਵਪਾਰਕ ਨਜ਼ਰੀਏ ਨਾਲ ਹੁੰਦਾ ਸੀ।

ਕੁਲਵਿੰਦਰ ਦੀ ਗਾਇਕੀ ਦੀ ਪੜਚੋਲ ਤਿੰਨ ਭਾਗਾਂ ਵਿੱਚ ਕੀਤੀ ਜਾ ਸਕਦੀ ਹੈ। ਪਹਿਲੇ ਭਾਗ ਵਿੱਚ ਗਾਇਕੀ 'ਚ ਪੈਰ ਧਰਾਵੇ ਵਾਲੇ ਗੀਤ ਆਉਂਦੇ ਨੇ, ਦੂਜੇ 'ਚ ਚੜ੍ਹਤ ਮੌਕੇ ਗਾਏ ਤੇ ਤੀਜੇ 'ਚ ਅੱਠਾਂ 'ਚੋਂ ਇੱਕ ਗੀਤ ਹਕੀਕਤ ਦੇ ਪੱਲੇ

ਨਾਲ ਬੱਝਾ ਗਾਉਣ ਵਾਲੇ। ਕੁਲਵਿੰਦਰ ਨੇ ਪਹਿਲ ਮੁੰਡੇ-ਖੁੰਡਿਆਂ ਵਾਲੇ ਗੀਤਾਂ ਨੂੰ ਦਿੱਤੀ, ਉਹ ਚੱਕ ਲਓ-ਚੱਕ ਲਓ ਵਾਲੇ ਗਾਇਕ ਵਜੋਂ ਮਸ਼ਹੂਰ ਹੋ ਗਿਆ। ਕੰਪਨੀ ਵੀ ਜਾਣ ਗਈ ਕਿ ਉਸ ਤੋਂ ਕੀ ਗਵਾਉਣਾ ਚਾਹੀਦੈ। ਬਲਵੀਰ ਬੋਪਾਰਾਏ ਦੀ ਕਲਮ, ਸੁੱਖ ਦਾ ਸੰਗੀਤ, ਰਜਿੰਦਰ ਸਿੰਘ ਦੀ ਪੇਸ਼ਕਸ਼ ਤੇ ਰਿੰਪੀ-ਪ੍ਰਿੰਸ ਦੇ ਵੀਡੀਓ, ਸਭ ਕੁੱਝ ਪ੍ਰਵਾਨ ਚੜ੍ਹਦਾ।

ਵਕਤ ਨਾਲ ਕੁਲਵਿੰਦਰ ਦੇ ਗੀਤਾਂ ਦੇ ਵਿਸ਼ੇ ਬਦਲਦੇ ਰਹੇ। ਪਹਿਲੀ ਕੈਸਿਟ ਤੋਂ 'ਵੈਲੀ' ਤੱਕ ਉਸ ਦੀ ਗਾਇਕੀ 'ਚ ਲੋਹੜਿਆਂ ਦਾ ਨਿਖਾਰ ਆਇਆ। 'ਗ਼ਰੀਬਾਂ ਨੇ ਕੀ ਪਿਆਰ ਕਰਨਾ' ਦੇ ਗੀਤ ਸੁਣਦਿਆਂ ਜਿੱਥੇ ਉਹ ਬਠਿੰਡੇ ਵਾਲਾ ਕਲਾਕਾਰ ਲੱਗਦੈ, ਉਥੇ 'ਕਾਲਜ' ਤੇ 'ਵੈਲੀ' ਸੁਣਦਿਆਂ ਮਾਝੇ, ਮਾਲਵੇ, ਦੁਆਬੇ ਦਾ ਸਾਂਝਾ ਗਾਇਕ ਜਾਪਦੈ। 'ਗ਼ਰੀਬਾਂ ਨੇ ਕੀ ਪਿਆਰ ਕਰਨਾ' ਸੁਣਿਆਂ ਉਹ ਦਵਿੰਦਰ ਕੋਹੇਨੂਰ ਤੇ ਰਣਜੀਤ ਮਣੀ ਦਾ ਹਾਣੀ ਜਾਪਦੈ। ਉਨ੍ਹਾਂ ਵੇਲਿਆਂ 'ਚ ਇਸ਼ਕ ਦੀ ਗੱਲ ਅਨੋਖੇ ਢੰਗ ਨਾਲ ਹੁੰਦੀ ਸੀ। ਕੁਲਵਿੰਦਰ ਗਾਇਕੀ 'ਚ ਨਵਾਂ-ਨਵਾਂ ਨਿੱਤਰਿਆ ਸੀ, ਇਸ ਕਰਕੇ ਮਾਹੌਲ ਮੁਤਾਬਕ ਗਾਉਣਾ ਉਸ ਦੀ ਮਜਬੂਰੀ ਸੀ। ਉਹ ਨੇ ਗਾਇਆ :

* ਤੇਰੇ ਘਰ ਨੂੰ ਸਫ਼ੈਦੀਆਂ ਕਿਉਂ ਹੋਣ ਲੱਗੀਆਂ
* ਦੱਸ ਤੈਨੂੰ ਸਾਡਾ ਚੰਦਰੀਏ ਕਿਉਂ ਚੇਤਾ ਆਉਂਦਾ ਨਹੀਂ
* ਬਣੂ ਤੇਰੇ ਘਰ ਮੂਹਰੇ ਯਾਰ ਦੀ ਸਮਾਧ ਵੈਰਨੇ
* ਅੱਧ ਵਿੱਚ ਟੁੱਟ ਜਾਂਦਾ ਰੱਬਾ ਡਾਢਿਆ,
ਗ਼ਰੀਬਾਂ ਨੇ ਕੀ ਪਿਆਰ ਕਰਨਾ

ਬਠਿੰਡਾ ਮੰਡੀ ਦੀ ਉਨ੍ਹੀਂ ਦਿਨੀਂ ਪੰਜਾਬੀ ਸੰਗੀਤ 'ਚ ਪੂਰੀ ਚੜ੍ਹਤ ਸੀ ਤੇ ਜਿਹੇ ਗੀਤ ਮਲਵਈਆਂ ਦੀ ਪਸੰਦ ਬਣਦੇ, ਗਾਇਕ ਉਹੋ ਜਿਹੇ ਗਾਉਂਦੇ। ਕੁਲਵਿੰਦਰ ਦੇ ਗੀਤ ਨਿੰਮਾ ਲੁਹਾਰਕਾ, ਜਸਵੀਰ, ਰਾਜ ਜਰਗੜੀ ਤੇ ਦਲਜੀਤ ਧੂੜਕੋਟੀਆ ਲਿਖਦੇ। ਕਿਸੇ ਹੋਰ ਦੀ ਡੋਲੀ ਚੜ੍ਹਨ ਵਾਲੀ ਮੁਟਿਆਰ ਨੂੰ ਤਾਅਨੇ ਦਿੱਤੇ ਜਾਂਦੇ, ਉਸ ਸਿਰ ਚੜ੍ਹ ਮਰਨ ਦੀਆਂ ਗੱਲਾਂ ਹੁੰਦੀਆਂ, ਬੇਵਫ਼ਾਈ ਬਦਲੇ ਉਸ ਨੂੰ ਰੱਜ ਕੇ ਭੰਡਿਆ ਜਾਂਦਾ।

'ਤਸਵੀਰ' ਕੈਸਿਟ ਵਿੱਚ ਕੁਲਵਿੰਦਰ ਦੀ ਗਾਇਕੀ ਥੋੜ੍ਹੀ ਬਦਲੀ ਦਿਸਦੀ ਹੈ। ਉਸ ਨੂੰ ਕੰਮ ਚਲਾਊ ਗੀਤਾਂ ਦੇ ਨਾਲ-ਨਾਲ ਸ਼ਰਾਬੀ ਪਤੀ ਦੇ ਕਾਰਿਆਂ ਤੋਂ ਅੱਕੀ ਸਾਥਣ ਦਾ ਖਿਆਲ ਆ ਚੁੱਕਾ ਸੀ। ਉਸ ਦੀ ਨਜ਼ਰ 'ਚ ਇਸ਼ਕ ਦੇ ਮਾਇਨੇ

ਬਦਲ ਚੁੱਕੇ ਸਨ। ਇਸ਼ਕ ਨੂੰ ਇਬਾਦਤ ਸਮਝਣ ਲੱਗਾ ਸੀ, ਮੋੜਵੇਂ ਵਾਰ ਦੀ ਥਾਂ ਖੁਦ 'ਤੇ ਪੀੜ ਹੰਢਾਉਣ ਦੀ ਇੱਛਾ ਜਾਗ ਉੱਠੀ ਸੀ। ਇਸ ਵੇਲੇ ਉਸ ਨੇ ਗਾਇਆ :

* ਰਾਤੀਂ ਤੇਰੀ ਤਸਵੀਰ ਸਾਨੂੰ ਰੋਂਦਿਆਂ ਨੂੰ ਵੇਖ-ਵੇਖ ਹੱਸਦੀ ਰਹੀ
* ਉੱਤੇ ਡੋਲ ਕੇ ਸ਼ਰਾਬ ਲਾਦੇ ਅੱਗ ਜੱਟੀ ਨੂੰ,
ਮੈਥੋਂ ਬੋਤਲ ਤੇਰੀ ਦਾ ਡੱਟ ਖੋਲ੍ਹ ਨਹੀਂ ਹੁੰਦਾ।
* ਇਹ ਇਸ਼ਕ ਹੈ ਰੱਬ ਦਾ ਨਾਮ, ਅਸੀਂ ਬਦਨਾਮ ਨਹੀਂ ਕਰਨਾ

'ਤਸਵੀਰ' 'ਚ ਸ਼ਾਮਲ ਸ਼ਰਾਬੀ ਪਤੀ ਨੂੰ ਸੁਧਰਨ ਦੀ ਅਰਜ਼ੋਈ ਵਾਲਾ ਗੀਤ ਦਲਜੀਤ ਧੂੜਕੋਟੀਆ ਦੀ ਉੱਤਮ ਲਿਖਤ ਕਹੀ ਜਾ ਸਕਦੀ ਹੈ। ਕੁਲਵਿੰਦਰ ਨੇ ਇਹ ਇੰਜ ਗਾਇਆ, ਜਿਵੇਂ ਖੁਦ ਪਤਨੀ ਦੇ ਰੂਪ 'ਚ ਮਨ ਦੀ ਵਿਥਿਆ ਹੁਬਕੀਂ ਬਿਆਨ ਰਿਹਾ ਹੋਵੇ।

ਕਾਨਿਆਂ ਦੀ ਮੁੰਜ ਵਾਂਗੂੰ ਕੀਤੀ ਕੁੱਟ ਕੇ,
ਭੰਨੀ ਮੰਜੇ 'ਤੇ ਪਈ ਆਂ ਮੈਥੋਂ ਬੋਲ ਨਹੀਂ ਹੁੰਦਾ,
ਉੱਤੇ ਡੋਲ ਕੇ ਸ਼ਰਾਬ ਲਾਦੇ ਅੱਗ ਜੱਟੀ ਨੂੰ,
ਮੈਥੋਂ ਬੋਤਲ ਤੇਰੀ ਦਾ ਡੱਟ ਖੋਲ੍ਹ ਨਹੀਂ ਹੁੰਦਾ।

'ਗਲਾਸੀ ਖੜਕੇ' ਕੁਲਵਿੰਦਰ ਦੀ ਕਾਮਯਾਬੀ ਨੂੰ ਚਾਰ ਚੰਨ ਲਾਉਣ 'ਚ ਸਹਾਈ ਹੋਈ। ਇਸ ਵਿਚਲੇ ਗੀਤ ਉਦੋਂ ਵੀ ਹਰ ਥਾਂ ਵੱਜੇ ਤੇ ਅੱਜ ਵੀ ਇਨ੍ਹਾਂ ਦੀ ਸਰਦਾਰੀ ਚੱਲਦੀ ਹੈ। 'ਡੱਟ ਖੁੱਲ੍ਹਦੇ ਬੋਤਲਾਂ ਦੇ ਗਲਾਸੀ ਖੜਕੇ', 'ਦੋ ਗੱਲਾਂ ਕਰ ਲੈ, ਕਰ ਲੈ ਦੋ ਗੱਲਾਂ ਮੇਰੇ ਨਾਲ' ਤੇ 'ਪਿੰਕੀ ਪਿੰਕ ਸੂਟ ਵਿੱਚ ਲੱਗਦੀ ਯਾਰੋ ਬੜੀ ਪਿਆਰੀ ਆ' ਗੀਤਾਂ ਨੇ ਉਸ ਨੂੰ ਸਟਾਰ ਬਣਾ ਦਿੱਤਾ।

ਅਖੀਰਲੇ ਸਾਲਾਂ 'ਚ ਕੁਲਵਿੰਦਰ ਨੇ ਜੋ ਗਾਇਆ, ਉਸ ਨਾਲ ਉਹ ਨੌਜਵਾਨਾਂ ਦਾ ਚਹੇਤਾ ਬਣ ਗਿਆ। ਉਦੋਂ ਤੱਕ ਗਾਇਕੀ ਤਰਲਿਆਂ ਤੋਂ ਉੱਭਰਨ ਲੱਗੀ ਸੀ, ਹੌਕੇ-ਹਾਵਿਆਂ ਦੀ ਥਾਂ ਧੱਕੜ ਸੋਚ ਵਾਲੇ ਗੀਤਾਂ ਦਾ ਦੌਰ ਸ਼ੁਰੂ ਹੋ ਗਿਆ ਤੇ ਕੰਪਨੀ ਨੇ 'ਕਾਲਜ' ਤੇ 'ਵੈਲੀ' ਵਿੱਚ ਕੁਲਵਿੰਦਰ ਕੋਲੋਂ ਜੋ ਗਵਾਇਆ, ਉਸ ਨੇ ਹਰ ਪਾਸੇ ਬਾਜ਼ੀ ਮਾਰੀ।

ਉਸ ਦੇ ਗੀਤ 'ਕਾਲਜ 'ਚ ਕੁੰਢੀਆਂ ਦੇ ਸਿੰਗ ਫਸਗੇ ਤੂੰ ਪਵਾ'ਤੇ ਪਿੱਟਣੇ' ਨੂੰ ਭਾਵੇਂ ਵਿੱਦਿਆ ਦੇ ਮੰਦਰਾਂ 'ਚ ਲੜਾਈਆਂ-ਝਗੜਿਆਂ ਨੂੰ ਬਲ ਦੇਣ ਕਰਕੇ ਭੰਡਣਾ ਵੀ ਚਾਹੀਦੈ, ਪਰ ਉਸ ਸੀਜ਼ਨ 'ਚ ਇਹੀ ਕੈਸਿਟ ਸਭ ਤੋਂ ਵੱਧ ਵਿਕੀ।

'ਕਾਲਜ' 'ਚ ਜਿੱਥੇ ਉਸ ਨੇ 'ਕੁੜੀ ਨਿੱਖਰੀ ਫਿਰਦੀ ਐ, ਖ਼ੈਰ ਨ੍ਹੀਂ ਲੱਗਦੀ' ਗਾਇਆ, ਉਥੇ ਜੱਟਾਂ, ਡਰਾਈਵਰਾਂ ਤੇ ਫ਼ੌਜੀਆਂ ਦੀ ਹਕੀਕਤ ਬਿਆਨਦਾ 'ਜੱਟ, ਡਰੈਵਰ, ਫੌਜੀ ਤਿੰਨੇ ਵਿਹਲੇ ਬਹਿੰਦੇ ਨਾ' ਵੀ ਵਧੀਆ ਢੰਗ ਨਾਲ ਨਿਭਾਇਆ।

'ਕੱਚੀਏ ਜ਼ੁਬਾਨ ਦੀਏ', 'ਕੁੱਝ ਕਹੇਂਗੀ ਤਾਂ ਨਹੀਂ' ਤੇ 'ਸੂਟ ਪੰਜਾਬੀ ਪਾ ਕੇ' ਗੀਤਾਂ ਕਰਕੇ ਕੁਲਵਿੰਦਰ ਦੀ 'ਕਾਲਜ' ਬਾਰੇ ਅੱਜ ਵੀ ਸਾਰੇ ਜਾਣਦੇ ਨੇ। ਬਾਅਦ 'ਚ ਆਈ 'ਵੈਲੀ', 'ਕਾਲਜ' ਤੋਂ ਵੀ ਅੱਗੇ ਨਿਕਲ ਗਈ। ਬਲਵੀਰ ਬੋਪਾਰਾਏ, ਦਲਜੀਤ ਧੂੜਕੋਟੀਆ, ਨਿੰਮਾ ਲੁਹਾਰਕੇ ਤੇ ਜੀਤ ਕੱਦੋਂ ਦੀਆਂ ਕਲਮਾਂ ਨੂੰ ਕੁਲਵਿੰਦਰ ਨੇ ਨਿੱਠ ਕੇ ਗਾਇਆ। 'ਤੇਰਾ ਵੈਲੀ ਯਾਰ ਤਾਂ ਦਿਨੇ ਦਿਖਾ ਦੇਊ ਤਾਰੇ' ਅੱਜ ਵੀ ਡੀ.ਜੇ. 'ਤੇ ਵਾਰ-ਵਾਰ ਵੱਜਦੈ। 'ਕਾਲਾ ਸੱਪ ਰੰਗਾ ਸੂਟ ਤੈਂ ਸਵਾ ਲਿਆ' ਦੇ ਨਾਲ-ਨਾਲ ਕੁਲਵਿੰਦਰ ਨੇ ਜੱਟ ਦੇ ਜ਼ਮੀਨ ਨਾਲ ਰਿਸ਼ਤੇ ਅਤੇ ਵਿਵਾਦ ਵਾਲੀ ਜ਼ਮੀਨ ਕਾਰਨ ਪੈਂਦੇ ਪੁਆੜਿਆਂ ਨੂੰ 'ਰੌਲੇ ਵਾਲੀ ਪੈਲੀ ਕਤਲ ਕਰਾਉਂਦੀ ਜੱਟਾਂ ਦੇ' ਗੀਤ ਜ਼ਰੀਏ ਵਧੀਆ ਢੰਗ ਨਾਲ ਪੇਸ਼ ਕੀਤਾ।

ਜਿਹੜੀ ਗਾਇਕੀ ਦਾ ਦੌਰ ਅੱਜ ਚੱਲ ਰਿਹੈ, ਨਿਸਚਿਤ ਹੀ ਕੁਲਵਿੰਦਰ ਨੇ ਇਸ ਵਿੱਚ ਮੋਹਰੀ ਹੋਣਾ ਸੀ। ਕਈ ਵੱਡੇ ਗਾਇਕ ਕੁਲਵਿੰਦਰ ਬਰਾਬਰ ਕੈਸਿਟ ਕਰਨ ਤੋਂ ਘਬਰਾਉਣ ਲੱਗੇ ਸਨ। ਕੁਲਵਿੰਦਰ ਨੂੰ ਆਪਣੀ ਏਨੀ ਚੜ੍ਹਤ 'ਤੇ ਬਹੁਤਾ ਹੰਕਾਰ ਨਹੀਂ ਸੀ, ਪਰ ਮਾਣ ਜ਼ਰੂਰ ਸੀ ਕਿ ਸੁਣਨ ਵਾਲੇ ਉਸ ਨੂੰ ਏਨੀ ਮੁਹੱਬਤ ਕਰਦੇ ਨੇ।

ਤਸੱਲੀ ਦੀ ਗੱਲ ਹੈ ਕਿ ਕੁਲਵਿੰਦਰ ਨੇ ਛੇਤੀ ਹੀ ਪੰਜਾਬੀ ਗਾਇਕੀ 'ਚ ਉਹ ਸਥਾਨ ਹਾਸਲ ਕਰ ਲਿਆ ਕਿ ਅੱਜ ਵੀ ਸੱਥਾਂ 'ਚ ਬੈਠੇ ਲੋਕ ਉਸਦੀਆਂ ਗੱਲਾਂ ਕਰਦੇ ਨੇ ਤੇ ਦੁੱਖ ਇਸ ਗੱਲ ਦਾ ਕਿ ਛੋਟੀ ਉਮਰੇ 19 ਮਾਰਚ 2006 ਨੂੰ ਉਹ ਪਤਨੀ ਗੁਰਪ੍ਰੀਤ ਕੌਰ, ਲਾਡਲੇ ਪੁੱਤਰ ਅਰਮਾਨ ਢਿੱਲੋਂ, ਮਾਪਿਆਂ, ਸਕੇ-ਸਬੰਧੀਆਂ ਤੇ ਸੰਗੀਤ ਪ੍ਰੇਮੀਆਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਾ ਗਿਆ।

# ਇਸ਼ਮੀਤ ਸਿੰਘ

## (1988-2008)

25 ਨਵੰਬਰ 2007 ਦੀਆਂ ਸਾਰੀਆਂ ਅਖ਼ਬਾਰਾਂ ਦੇ ਮੁੱਖ ਸਫ਼ਿਆਂ 'ਤੇ ਇੱਕ ਖ਼ਬਰ ਚਮਕੀ ਹੋਈ ਸੀ। ਫੋਟੋ ਵਿੱਚ ਦਿਸਦੇ ਮੁੰਡੇ ਦੇ ਚਿਹਰੇ 'ਤੇ ਅਵੱਲਾ ਜਿਹਾ ਨੂਰ ਸੀ, ਉਸ ਤੋਂ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ, ਸਨਮਾਨ ਦੇਣ ਵਾਲੀਆਂ ਹਸਤੀਆਂ ਵੀ ਪੂਰੀ ਤਰ੍ਹਾਂ ਖੁਸ਼ ਸਨ ਤੇ ਸਿਰਲੇਖ ਸੀ, 'ਪੰਜਾਬ ਦੇ ਪੁੱਤ ਇਸ਼ਮੀਤ ਸਿੰਘ ਦੀ ਝੋਲੀ ਪਿਆ 'ਸਟਾਰ ਵਾਇਸ ਆਫ਼ ਇੰਡੀਆ' ਖਿਤਾਬ।' ਇਕਦਮ ਇਹ ਖ਼ਬਰ ਦੇਸ-ਵਿਦੇਸ਼ ਤੱਕ ਅੱਪੜੀ। ਬਾਲੀਵੁੱਡ ਦੀਆਂ ਸਿਰਕੱਢ ਹਸਤੀਆਂ ਵੱਲੋਂ ਇਸ਼ਮੀਤ ਨੂੰ ਵਧਾਈਆਂ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਉਸ ਦੇ ਸਨਮਾਨ ਲਈ ਥਾਂ-ਥਾਂ ਵਿਉਂਤਬੰਦੀਆਂ ਹੋਣ ਲੱਗੀਆਂ। ਸਿੱਖੀ ਸਰੂਪ ਨਾਲ ਜੁੜਿਆ ਉਹ ਪੰਜਾਬ ਦਾ ਪਹਿਲਾ ਅਜਿਹਾ ਪੁੱਤ ਬਣ ਗਿਆ, ਜਿਹੜਾ ਰਾਸ਼ਟਰੀ ਪੱਧਰ ਦੇ ਗਾਇਕੀ ਮੁਕਾਬਲੇ ਵਿੱਚ ਸਭ ਨੂੰ ਮਾਤ ਪਾ ਕਰੋੜਾਂ ਦੀਆਂ ਉਮੀਦਾਂ 'ਤੇ ਖਰਾ ਉੱਤਰਿਆ। ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਕਈ ਦਿਨ ਉਸ ਦੀ ਇਸ ਪ੍ਰਾਪਤੀ ਦੀਆਂ ਖ਼ਬਰਾਂ ਪ੍ਰਮੁੱਖਤਾ ਨਾਲ ਪੇਸ਼ ਹੋਈਆਂ। ਮੁਕਾਬਲੇ 'ਚ ਹਿੱਸਾ ਲੈਂਦਿਆਂ ਹੀ ਉਹ ਸਭ ਦਾ ਚਹੇਤਾ ਬਣ ਗਿਆ, ਕਿਉਂਕਿ ਉਸ ਦੇ ਸੁਭਾਅ 'ਚ ਨਿਮਰਤਾ ਸੀ, ਉਸ ਨੇ ਸਾਰੇ ਜੱਜਾਂ ਦਾ ਸਤਿਕਾਰ ਕੀਤਾ, ਮੁਕਾਬਲੇਬਾਜ਼ਾਂ ਨਾਲ ਵੀ ਖ਼ੂਬ ਘੁਲਿਆ-ਮਿਲਿਆ। ਜਦੋਂ ਜੱਜ ਉਸ ਦੇ ਗਾਏ 'ਤੇ ਪ੍ਰਤੀਕਿਰਿਆ ਦਿੰਦੇ ਤਾਂ ਉਹ ਇਸ ਮਾਸੂਮੀਅਤ ਨਾਲ ਇੰਜ ਜਵਾਬ ਦਿੰਦਾ ਕਿ ਸਭ ਕੀਲੇ ਜਾਂਦੇ। ਉਸ ਲਈ ਸਭ ਤੋਂ ਵੱਡੀ ਖੁਸ਼ੀ ਇਹ ਸੀ ਕਿ ਸੁਰਾਂ ਦੀ ਦੇਵੀ ਲਤਾ ਮੰਗੇਸ਼ਕਰ ਨੇ ਖੁਦ ਕਿਹਾ ਕਿ ਉਹ ਉਸ ਨਾਲ ਇੱਕ ਗੀਤ ਗਾਉਣਾ ਚਾਹੇਗੀ। ਸਧਾਰਨ ਗੁਰਸਿੱਖ ਪਰਿਵਾਰ ਵਿੱਚ ਜੰਮੇ-ਪਲੇ 17 ਸਾਲਾ ਨੌਜਵਾਨ ਦੀ ਪ੍ਰਾਪਤੀ ਨੂੰ ਏਨੀ ਸਲਾਹੁਤਾ ਮਿਲ ਰਹੀ ਹੋਵੇ, ਤਾਂ ਖੁਸ਼ੀ 'ਚ ਖੀਵਾ ਕੌਣ ਨਹੀਂ ਹੋਵੇਗਾ।

ਉਸ ਦੀ ਜਿੱਤ ਨੂੰ ਪੂਰੇ ਪੰਜਾਬ ਨੇ ਆਪਣੀ ਜਿੱਤ ਸਮਝਿਆ, ਘਰ ਮਿਲਣ ਆਉਣ ਵਾਲਿਆਂ ਦੀ ਭੀੜ ਜੁੜ ਗਈ ਤੇ ਲੁਧਿਆਣੇ 'ਚ ਕਈ ਕੁਇੰਟਲ ਲੱਡੂ ਵੰਡੇ ਗਏ। ਬਾਪ ਗੁਰਪਿੰਦਰ ਸਿੰਘ ਸੋਢੀ, ਮਾਂ ਅੰਮ੍ਰਿਤ ਕੌਰ, ਭੈਣ ਸੁਮੀਤ, ਚਾਚੇ ਚਰਨ ਕਮਲ ਸਿੰਘ ਤੋਂ ਉਸ ਦੀ ਜਿੱਤ ਦਾ ਚਾਅ ਸੰਭਾਲਿਆ ਨਹੀਂ ਸੀ ਜਾ ਰਿਹਾ।

ਪਰ 29 ਜੁਲਾਈ 2008 ਦੀਆਂ ਅਖ਼ਬਾਰਾਂ ਵਿੱਚ ਮੁੜ ਇਕ ਖ਼ਬਰ ਪ੍ਰਮੁੱਖਤਾ ਨਾਲ ਛਪੀ, ਜਿਸ ਨੇ ਸਭ ਨੂੰ ਝੰਜੋੜ ਛੱਡਿਆ। ਇਹ ਗੱਲ ਸਭ ਨੂੰ ਝੂਠ ਜਿਹੀ ਜਾਪੀ ਕਿ ਇਸ਼ਮੀਤ ਨਾਲ ਇਹੋ ਜਿਹਾ ਹਾਦਸਾ ਵਾਪਰ ਸਕਦੈ। ਮੀਡੀਆ ਦੱਸ ਰਿਹਾ ਸੀ ਕਿ ਸਨ ਕਿ 'ਇਸ਼ਮੀਤ ਨਹੀਂ ਰਿਹਾ', ਪਰ ਇਹ ਕਿਵੇਂ ਹੋ ਸਕਦੈ, ਸਵਾਲ ਹਰ ਕਿਸੇ ਦੇ ਦਿਮਾਗ਼ ਵਿੱਚ ਦੌੜ ਰਿਹਾ ਸੀ। ਹੌਲੀ-ਹੌਲੀ ਅਖ਼ਬਾਰਾਂ-ਚੈਨਲਾਂ ਵੱਲੋਂ ਦੱਸੀ ਖ਼ਬਰ ਸਹੀ ਸਾਬਤ ਹੋ ਗਈ। ਉਹ ਇਸ਼ਮੀਤ ਤੁਰ ਗਿਆ ਸੀ, ਜਿਸ ਨੂੰ ਪੂਰੇ ਭਾਰਤ ਦੇ ਸੰਗੀਤ ਪ੍ਰੇਮੀਆਂ ਨੇ ਐਸ.ਐਮ.ਐਸ ਕਰਕੇ ਮੋਹਰੀ ਬਣਾਇਆ ਸੀ। ਉਹ ਇਸ਼ਮੀਤ, ਜਿਹੜਾ ਜੱਜਾਂ ਨੂੰ ਵੀ ਝੂਮਣ ਲਾ ਛੱਡਦਾ ਸੀ, ਜਿਸ ਨੇ ਬਾਲੀਵੁੱਡ ਦੇ ਨਾਮਣੇ ਵਾਲੇ ਸੰਗੀਤਕਾਰਾਂ ਨਾਲ ਅਗਲੀ ਫ਼ਿਲਮ ਵਿੱਚ ਗਾਉਣ ਦਾ ਵਾਅਦਾ ਕੀਤਾ ਸੀ, ਇਸ ਦੁਨੀਆ 'ਤੇ ਨਹੀਂ ਰਿਹਾ ਸੀ।

ਜਿਹੜੇ ਪ੍ਰਸ਼ੰਸਕਾਂ ਨੇ ਅੱਠ ਮਹੀਨੇ ਪਹਿਲਾਂ ਉਸ ਦੀ ਜਿੱਤ 'ਤੇ ਖੁਸ਼ੀਆਂ ਮਨਾਈਆਂ ਸਨ, ਉਹ ਅੰਦਰੋਂ ਟੁੱਟ ਗਏ। ਪਰਿਵਾਰਕ ਮੈਂਬਰਾਂ ਦਾ ਰੋਣ ਝੱਲਣਾ ਮੁਸ਼ਕਲ ਸੀ।

ਇਸ਼ਮੀਤ ਦੀ ਮੌਤ 'ਤੇ ਕਈ ਪੱਖਾਂ ਤੋਂ ਕਿੰਤੂ ਹੋਇਆ, ਕਿਉਂਕਿ ਦੱਸੇ ਕਾਰਨ ਤੱਥਾਂ ਨਾਲ ਮੇਲ ਨਹੀਂ ਖਾਂਦੇ ਸਨ। ਘਰਦਿਆਂ ਆਖਿਆ ਕਿ ਜਦੋਂ ਉਸ ਨੂੰ ਤੈਰਨਾ ਨਹੀਂ ਸੀ ਆਉਂਦਾ, ਫਿਰ ਉਹ ਮਾਲਦੀਵ ਦੇ ਹੋਟਲ ਵਿਚਲੇ ਸਵੀਮਿੰਗ ਪੂਲ ਵਿੱਚ ਤੈਰਨ ਲਈ ਕਿਵੇਂ ਉੱਤਰ ਸਕਦੈ ? ਸਰੀਰ ਦੇ ਜਿਹੜੇ ਹਿੱਸਿਆਂ 'ਤੇ ਸੱਟਾਂ ਲੱਗੀਆਂ ਸਨ, ਉਨ੍ਹਾਂ ਨਾਲ ਸਬੰਧਤ ਵੀ ਖ਼ਬਰਾਂ ਬਣੀਆਂ। ਮਾਪਿਆਂ ਇਸ ਦੀ ਜਾਂਚ ਸੀ.ਬੀ.ਆਈ ਤੋਂ ਕਰਾਉਣ ਦੀ ਮੰਗ ਕੀਤੀ, ਪਰ ਹੌਲੀ-ਹੌਲੀ ਸਭ ਕੁੱਝ ਪਰ੍ਹੇ ਹੁੰਦਾ ਗਿਆ।

ਮੌਤ ਵੇਲ਼ੇ ਵੀ ਇਸ਼ਮੀਤ ਇੱਕ ਟੀ.ਵੀ. ਚੈਨਲ ਵੱਲੋਂ ਸ਼ੁਰੂ ਕੀਤੇ ਜਾਣ ਵਾਲੇ ਰਿਐਲਟੀ ਸ਼ੋਅ ਦੀ ਸ਼ੂਟਿੰਗ ਵਿੱਚ ਹਿੱਸਾ ਲੈਣ ਮਾਲਦੀਵ ਗਿਆ ਸੀ। ਪੰਜਾਬ ਸਰਕਾਰ ਨੇ ਜ਼ਿੰਮੇਵਾਰੀ ਸਮਝਦਿਆਂ ਉਸ ਦੀ ਲਾਸ਼ ਵਿਸ਼ੇਸ਼ ਹੈਲੀਕਾਪਟਰ ਰਾਹੀਂ ਲੁਧਿਆਣੇ ਲਿਆਂਦੀ। ਨਾਮਵਰ ਹਸਤੀਆਂ ਤੋਂ ਲੈ ਕੇ ਸਧਾਰਨ ਸਰੋਤੇ ਤੱਕ ਉਸ ਦੇ ਅੰਤਮ ਸਸਕਾਰ ਮੌਕੇ ਵੀ ਹਾਜ਼ਰ ਸਨ ਤੇ ਅੰਤਿਮ ਅਰਦਾਸ ਮੌਕੇ ਵੀ।

ਇਸ਼ਮੀਤ ਦੇ ਜਾਣ ਮਗਰੋਂ ਕਈ ਲੀਡਰਾਂ ਨੇ ਭਾਵੁਕ ਬਿਆਨ ਦਿੱਤੇ, ਜਿਹੇ ਅਕਸਰ ਦਿੱਤੇ ਜਾਂਦੇ ਨੇ, ਪਰ ਹਾਲੇ ਤੱਕ ਉਹ ਸੱਚ ਸਾਬਤ ਨਹੀਂ ਹੋਏ। ਉਸ ਦੇ ਮਾਪਿਆਂ 'ਇਸ਼ਮੀਤ ਸਿੰਘ ਫਾਊਂਡੇਸ਼ਨ' ਬਣਾਈ, ਜਿਸ ਵਿੱਚ ਉਨ੍ਹਾਂ ਬੱਚਿਆਂ

ਨੂੰ ਸਨਮਾਨਤ ਕਰਨ ਦਾ ਫ਼ੈਸਲਾ ਲਿਆ, ਜਿਹੜੇ ਕਲਾ ਦੇ ਧਨੀ ਹੋਣ ਦੇ ਬਾਵਜੂਦ ਮੰਦੇ ਘਰੇਲੂ ਹਾਲਾਤਾਂ ਕਾਰਨ ਅੱਗੇ ਵਧਣ ਤੋਂ ਅਸਮਰੱਥ ਹਨ।

ਇਸ਼ਮੀਤ ਦੇ ਛੋਟੇ ਜਿਹੇ ਜੀਵਨ ਸਫ਼ਰ 'ਤੇ ਝਾਤ ਮਾਰਿਆਂ ਉਸ ਦੀ ਸੋਚ 'ਤੇ ਰਸ਼ਕ ਹੋਣ ਲੱਗਦੈ। ਉਸ ਦਾ ਜਨਮ 2 ਸਤੰਬਰ 1988 ਨੂੰ ਲੁਧਿਆਣਾ ਵਿੱਚ ਹੋਇਆ। ਪੂਰਾ ਪਰਿਵਾਰ ਸਿੱਖੀ ਦੇ ਰੰਗ ਵਿੱਚ ਰੰਗਿਆ ਹੋਵੇ, ਜਿੱਥੇ ਗੁਰਬਾਣੀ ਕੀਰਤਨ ਨੂੰ ਸਾਹਾਂ ਜਿੰਨਾ ਜ਼ਰੂਰੀ ਸਮਝਿਆ ਜਾਂਦਾ ਹੋਵੇ, ਤੇ ਉਸ ਪਰਿਵਾਰ ਦਾ ਨੌਜਵਾਨ ਏਨੀ ਵੱਡੀ ਮੱਲ ਮਾਰੇ, ਕੋਈ ਛੋਟੀ ਗੱਲ ਨਹੀਂ। ਘਰੇਲੂ ਮਾਹੌਲ ਮੁਤਾਬਕ ਇਸ਼ਮੀਤ ਦਾ ਧਿਆਨ ਵੀ ਗੁਰਬਾਣੀ ਕੀਰਤਨ ਵੱਲ ਖਿੱਚਿਆ ਗਿਆ। ਸਵੇਰੇ-ਸ਼ਾਮ ਗੁਰੂ ਦੀ ਹਜ਼ੂਰੀ ਵਿੱਚ ਪਾਠ ਕਰਨਾ, ਮਿੱਠਾ ਬੋਲਣਾ, ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ ਤੇ ਪੜ੍ਹਾਈ ਵਿੱਚ ਹੁਸ਼ਿਆਰ ਹੋਣਾ ਉਸ ਦੇ ਹਿੱਸੇ ਆਇਆ। ਜਿਨ੍ਹੀਂ ਦਿਨੀਂ ਉਹ 'ਸਟਾਰ ਵਾਇਸ ਆਫ਼ ਪੰਜਾਬ' ਸ਼ੋਅ ਦੇ ਔਡੀਸ਼ਨ ਲਈ ਗਿਆ, ਉਦੋਂ ਉਹ ਮੁੰਬਈ ਵਿੱਚ ਪੜ੍ਹਾਈ ਕਰਦਾ ਸੀ।

ਇਸੇ ਸ਼ੋਅ ਨੇ ਉਸ ਦੀ ਪ੍ਰਸਿੱਧੀ ਦਾ ਜ਼ਰੀਆ ਬਣਨਾ ਸੀ। ਸ਼ੋਅ ਦੀ ਸ਼ੁਰੂਆਤ ਮੌਕੇ ਉਹ ਥੋੜ੍ਹਾ ਘਬਰਾਇਆ ਦਿਸਿਆ, ਸ਼ਾਇਦ ਇਸ ਕਰਕੇ ਕਿ ਪਲੇਟਫਾਰਮ ਨਾਲੋਂ ਉਮਰ ਕਾਫੀ ਛੋਟੀ ਸੀ। ਪਰ ਪੜਾਅ ਦਰ ਪੜਾਅ ਅੱਗੇ ਵਧਦਾ ਉਹ ਉਸ ਥਾਂ ਪਹੁੰਚ ਗਿਆ, ਜਿਥੇ ਉਸ ਦਾ ਸਿਰਫ਼ ਇੱਕ ਮੁਕਾਬਲੇਬਾਜ਼ ਹਰਸ਼ਿਤ ਰਹਿ ਗਿਆ ਤੇ ਅਖੀਰ ਉਸ ਨੇ ਉਹਨੂੰ ਵੀ ਪਛਾੜ ਦਿੱਤਾ। ਔਡੀਸ਼ਨ ਮੌਕੇ ਉਸ ਨੇ 'ਮੁਝੇ ਰਾਤ ਦਿਨ' ਗੀਤ ਗਾਇਆ ਤੇ ਬਾਅਦ 'ਚ ਉਹ ਮੁਹੰਮਦ ਰਫ਼ੀ, ਸੋਨੂੰ ਨਿਗਮ, ਕੁਮਾਰ ਸ਼ਾਨੂ, ਸੁਖਵਿੰਦਰ ਸਿੰਘ, ਸ਼ੈਲੇਂਦਰ ਸਿੰਘ, ਉਦਿਤ ਨਰਾਇਣ, ਮਲਕੀਤ ਸਿੰਘ, ਸ਼ਾਨ, ਕੁਨਾਲ ਗਾਂਜਾਵਾਲਾ ਤੇ ਕਈ ਹੋਰਾਂ ਦੇ ਗੀਤ ਗਾਉਂਦਾ-ਗਾਉਂਦਾ ਉਹ ਇੱਛਾ ਪੂਰ ਗਿਆ, ਜਿਸ ਲਈ ਸਾਰੇ ਮੁਕਾਬਲੇਬਾਜ਼ ਉਥੇ ਪਹੁੰਚੇ ਸਨ।

ਚੜ੍ਹਦੀ ਉਮਰੇ ਏਨਾ ਵੱਡਾ ਮੁਕਾਬਲਾ ਜਿੱਤਣ ਮਗਰੋਂ ਅਕਸਰ ਮਾਇਆ ਨਗਰੀ ਬੰਦੇ ਨੂੰ ਆਪਣੇ ਰੰਗ 'ਚ ਰੰਗ ਲੈਂਦੀ ਹੈ, ਪਰ ਇਸ਼ਮੀਤ ਨੇ ਸਭ ਤੋਂ ਪਹਿਲਾਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਧਾਰਮਿਕ ਕੈਸਿਟ ਕੀਤੀ, 'ਸਤਿਗੁਰ ਤੁਮਰੇ ਕਾਜ ਸਵਾਰੇ।' ਇਸ ਕੈਸਿਟ ਵਿੱਚ ਉਸ ਨੇ 'ਸਤਿਗੁਰ ਤੁਮਰੇ ਕਾਜ ਸਵਾਰੇ', 'ਮੇਰਾ ਮਾਤ ਪਿਤਾ', 'ਮਿੱਤਰ ਪਿਆਰ ਨੂੰ', 'ਨਾਮ ਜਪਤ ਦੁਖ ਜਾਏ' ਤੇ 'ਏਕ ਨੂਰ' ਸ਼ਬਦਾਂ ਨੂੰ ਸੁਰੀਲੀ ਅਵਾਜ਼ ਵਿੱਚ ਗਾਇਆ। 'ਬਿੱਗ ਮਿਊਜ਼ਿਕ' ਵੱਲੋਂ ਰਿਲੀਜ਼ ਇਸ ਐਲਬਮ ਨੂੰ ਸਭ ਨੇ ਸਲਾਹਿਆ। ਹਰ ਕੋਈ ਇਸ਼ਮੀਤ ਤੋਂ ਪ੍ਰਭਾਵਤ ਸੀ ਕਿ ਉਸ ਨੇ ਸਿੱਖ

ਧਰਮ ਪ੍ਰਤੀ ਆਪਣੀ ਸੋਚ ਨੂੰ ਸਾਕਾਰ ਕਰ ਦਿਖਾਇਆ।

ਆਪਣੇ ਬਾਲੀਵੁੱਡ ਸਫ਼ਰ ਦੀ ਤਿਆਰੀ ਲਈ ਇਸ਼ਮੀਤ ਨੇ ਕਮਰ ਕੱਸ ਲਈ ਸੀ ਤੇ ਵੱਡੇ-ਵੱਡੇ ਸੰਗੀਤਕਾਰ ਉਸ ਨੂੰ ਆਪਣੇ ਸੰਗੀਤ ਵਿੱਚ ਗਾਉਣ ਦੀ ਸੁਲ੍ਹਾ ਮਾਰਨ ਲੱਗੇ ਸਨ।ਕਈ ਨਿਰਮਾਤਾ-ਨਿਰਦੇਸ਼ਕ ਉਸ ਤੋਂ ਫ਼ਿਲਮਾਂ 'ਚ ਗਵਾਉਣ ਦੇ ਇਛੁੱਕ ਸਨ, ਪਰ ਕੁਦਰਤ ਨੂੰ ਤਾਂ ਕੁੱਝ ਹੋਰ ਹੀ ਮਨਜ਼ੂਰ ਸੀ।

ਇਸ਼ਮੀਤ ਦੇ ਜਾਣ ਮਗਰੋਂ ਇਕ ਵਾਰ ਭਾਵੇਂ ਸਾਰਾ ਭਾਰਤ ਸੋਗਗ੍ਰਸਤ ਹੋ ਗਿਆ, ਪਰ ਬਾਅਦ 'ਚ ਬਰਸੀ ਜਾਂ ਜਨਮ ਦਿਨ ਮੌਕੇ ਬਾਲੀਵੁੱਡ, ਆਮ ਲੋਕਾਂ ਜਾਂ ਮੀਡੀਏ ਨੂੰ ਉਸ ਦੀ ਬਹੁਤੀ ਯਾਦ ਨਾ ਆਈ। ਸਰਕਾਰੀ ਪੱਧਰ 'ਤੇ ਉਸ ਦੀ ਯਾਦਗਾਰ ਬਣਾਉਣ ਦੀਆਂ ਜਿਹੜੀਆਂ ਗੱਲਾਂ ਹੋਈਆਂ ਸਨ, ਉਹ ਹਾਲੇ ਤੱਕ ਅਧੂਰੀਆਂ ਨੇ।ਉਸ ਦੇ ਜਾਣ ਮਗਰੋਂ ਭਾਵੇਂ ਅਕਾਲੀ ਸਰਕਾਰ ਦੇ ਇੱਕ-ਦੋ ਮੰਤਰੀਆਂ ਇਹ ਵੀ ਆਖਿਆ ਕਿ ਉਸ ਦੇ ਨਾਂਅ 'ਤੇ ਪੁਰਸਕਾਰ ਸ਼ੁਰੂ ਕੀਤਾ ਜਾਵੇਗਾ, ਪਰ ਹਾਲੇ ਤੱਕ ਐਲਾਨ ਸਿਰਫ਼ ਐਲਾਨ ਨੇ।

ਲੋੜ ਹੈ ਇਸ਼ਮੀਤ ਸਿੰਘ ਦੀ ਯਾਦ ਵਿੱਚ ਕੋਈ ਸਕੂਲ, ਕਾਲਜ ਜਾਂ ਹੋਰ ਸੰਸਥਾ ਖੜ੍ਹੀ ਕਰਨ ਦੀ, ਜਿੱਥੇ ਆਉਣ ਵਾਲੇ ਵਿਦਿਆਰਥੀ ਉਸ ਤੋਂ ਪ੍ਰੇਰਣਾ ਲੈ ਸਕਣ ਤੇ ਛੋਟੀ ਉਮਰੇ ਉਸ ਵਾਂਗ ਕੁੱਝ ਕਰ ਦਿਖਾਉਣ ਦਾ ਸੁਪਨਾ ਪਾਲ ਸਕਣ।

# ਸੁਰਜੀਤ ਗਾਮੀ

(1958-2010)

ਸਾਢੇ ਪੰਜ ਦਹਾਕਿਆਂ ਦੀ ਉਮਰ 'ਚੋਂ ਚਾਰ ਦਹਾਕੇ ਰੰਗਮੰਚ ਲੇਖੇ ਲਾਉਣ ਵਾਲਾ ਸਿਰੜੀ ਸੁਰਜੀਤ ਗਾਮੀ ਕਾਫੀ ਦਿਨ ਬਿਮਾਰੀ ਨਾਲ ਜੱਦੋ-ਜਹਿਦ ਕਰਨ ਪਿੱਛੋਂ 3 ਅਗਸਤ 2010 ਨੂੰ ਮੌਤ ਦੀ ਬੁੱਕਲ 'ਚ ਸੌਂ ਗਿਆ। ਉਸ ਦੀ ਇਨਕਲਾਬੀ ਸੋਚ ਅਤੇ ਪੱਕੇ ਇਰਾਦੇ ਮੂਹਰੇ ਸਿਰ ਆਪ ਮੁਹਾਰੇ ਨੀਵਾਂ ਹੋ ਜਾਂਦੈ। ਰੰਗਮੰਚ ਨਾਲ ਉਸ ਦੇ ਇਸ਼ਕ ਤੇ ਜਗੀਰੂ ਨਿਜ਼ਾਮ ਖਿਲਾਫ਼ ਧਾਰਨਾ ਬਾਰੇ ਉਹ ਸੱਜਣ ਜ਼ਿਆਦਾ ਜਾਣਦੇ ਨੇ, ਜਿਹੜੇ ਉਸ ਨਾਲ ਗੁਜ਼ਾਰੇ ਪਲਾਂ ਦੇ ਗਵਾਹ ਨੇ। ਕਿਸੇ ਅੱਗੇ ਹੱਥ ਫ਼ੈਲਾਉਣ ਦੀ ਥਾਂ ਅਣਖੀਲੀ ਜ਼ਿੰਦਗੀ ਜਿਊਣ ਦੀ ਅਦਾ ਨੇ ਉਸ ਨੂੰ ਜਿੰਨਿਆਂ ਦਾ ਚਹੇਤਾ ਬਣਾਇਆ, ਉਹ ਉਸ ਨੂੰ ਕਦੇ ਵਿਸਾਰ ਨਹੀਂ ਸਕਦੇ।

ਉਮਰ ਦਾ ਵੱਡਾ ਹਿੱਸਾ ਗਾਮੀ ਦੀ 'ਰੰਗ' ਨਾਲ ਨੇੜਤਾ ਰਹੀ। 'ਰੰਗਮੰਚ' ਦਾ ਜਨੂੰਨ ਉਸ 'ਤੇ ਸਵਾਰ ਰਿਹਾ, ਰੋਟੀ-ਟੁੱਕ ਲਈ ਉਸ ਨੇ 'ਰੰਗ ਰੋਗਨ' ਦਾ ਕਿੱਤਾ ਚੁਣਿਆ ਤੇ ਅਖੀਰ ਮੌਤ ਦੀ ਬੁੱਕਲ 'ਚ 'ਅਧਰੰਗ' ਨੇ ਸੁਆਇਆ। ਪੈਰ-ਪੈਰ 'ਤੇ ਉਸ ਦਾ ਟਾਕਰਾ ਮੁਸ਼ਕਲਾਂ ਨਾਲ ਹੋਇਆ, ਪਰ ਉਹ ਬਹਾਦਰ ਸਿਪਾਹੀ ਵਾਂਗ ਹਰ ਮੁਸ਼ਕਲ ਨਾਲ ਨੰਗੇ ਧੜ ਲੜਿਆ। ਨਾ ਕਿਸੇ ਦੀ ਚਾਪਲੂਸੀ ਕੀਤੀ, ਨਾ ਸਮਝੌਤਾਵਾਦੀ ਨੀਤੀ ਅਪਣਾਈ, ਨਾ ਹੀ ਗ਼ਲਤ ਨੂੰ ਸਹੀ ਆਖਿਆ ਤੇ ਸਿੱਟਾ ਇਹ ਨਿਕਲਿਆ ਕਿ ਸਮਾਜ ਜਾਂ ਸਰਕਾਰ ਨੂੰ ਉਸ ਦੀ ਜ਼ਿੰਦਗੀ 'ਚ 'ਰੰਗ' ਭਰਨਾ ਆਪਣਾ ਫ਼ਰਜ਼ ਨਾ ਜਾਪਿਆ।

ਜਦੋਂ ਗਾਮੀ ਨੇ ਮੰਜਾ ਮੱਲ ਲਿਆ ਤਾਂ ਕਦਰ ਕਰਨ ਵਾਲਿਆਂ ਸਰਕਾਰੇ-ਦਰਬਾਰੇ ਉਸ ਦੇ ਇਲਾਜ ਲਈ ਫ਼ਰਿਆਦਾਂ ਕੀਤੀਆਂ, ਪਰ ਕਿਸੇ ਨਾ ਸੁਣੀ। ਅਖ਼ਬਾਰਾਂ 'ਚ ਖ਼ਬਰਾਂ ਛਪੀਆਂ ਕਿ ਕੱਚੇ ਢਾਰੇ 'ਚ ਦਿਨਕਟੀ ਕਰਨ ਵਾਲੇ ਕਲਾਵਾਨ ਦੇ ਪਰਿਵਾਰ ਦੀ ਏਨੀ ਪੁੱਜਤ ਨਹੀਂ ਕਿ ਮਹਿੰਗਾ ਇਲਾਜ ਕਰਾ ਸਕੇ, ਫੇਰ ਵੀ ਸਰਕਾਰ ਜਾਂ ਪ੍ਰਸ਼ਾਸ਼ਨ ਦੇ ਕੰਨ 'ਤੇ ਜੂੰ ਨਾ ਸਰਕੀ। ਅਖੀਰ ਦੋਸਤਾਂ-ਮਿੱਤਰਾਂ ਰਲ ਕੇ ਫੰਡ 'ਕੱਠਾ ਕਰਨਾ ਸ਼ੁਰੂ ਕੀਤਾ। ਇੱਕ ਸਾਬਕਾ ਕਾਂਗਰਸੀ ਐਮ.ਐਲ.ਏ ਨੇ ਪੰਦਰਾਂ ਕੁ ਹਜ਼ਾਰ ਦਾ ਚੈੱਕ ਦਿੱਤਾ, ਨੇੜਲੇ ਸਾਥੀਆਂ ਨੇ ਵੀ ਵਿੱਤ ਮੁਤਾਬਕ ਮੱਦਦ ਕੀਤੀ, ਪਰ ਇਹ ਮੱਦਦ ਉਸ ਨੂੰ ਮੌਤ ਦੇ ਜ਼ਾਲਮ ਪੰਜੇ 'ਚੋਂ ਛੁਡਾ ਨਾ ਸਕੀ।

ਬਿਮਾਰੀ ਨਾਲ ਜੂਝਦੇ ਗਾਮੀ ਦੀ ਮੌਤ ਨੇ 'ਵਿਰਸੇ ਦੀਆਂ ਸੇਵਾਦਾਰ' ਜਥੇਬੰਦੀਆਂ ਤੇ ਨੀਲੀਆਂ-ਚਿੱਟੀਆਂ ਪੱਗਾਂ ਵਾਲੀ ਲੀਡਰਸ਼ਿਪ ਦੀ ਜਿਹੜੀ ਪੋਲ ਖੋਲ੍ਹੀ, ਉਸ ਬਾਰੇ ਜਿੰਨੀ ਵਾਰ ਸੋਚੀਦੈ, ਓਨੀ ਵਾਰ ਗੁੱਸਾ ਆਉਂਦੈ। ਦੂਜੇ-ਤੀਜੇ ਮਹੀਨੇ ਖ਼ਬਰਾਂ ਜ਼ਰੀਏ ਸਰਕਾਰ ਅੱਗੇ ਅਰਜ਼ੋਈ ਕੀਤੀ ਜਾਂਦੀ ਏ ਕਿ ਫ਼ਲਾਣਾ ਕਲਾਵਾਨ ਬਿਮਾਰੀ ਨਾਲ ਲੜ ਰਿਹੈ, ਉਸ ਦਾ ਇਲਾਜ ਸਰਕਾਰੀ ਤੌਰ 'ਤੇ ਕਰਾਇਆ ਜਾਵੇ। ਕਈ ਵਾਰ ਸਰਕਾਰ ਤੱਕ ਖ਼ਬਰਾਂ ਪਹੁੰਚਦੀਆਂ ਨਹੀਂ ਤੇ ਬਹੁਤੀ ਵਾਰ ਜਾਣ-ਬੁੱਝ ਅਣਗੌਲੀਆਂ ਕਰ ਦਿੱਤੀਆਂ ਜਾਂਦੀਆਂ ਨੇ।

ਜਦੋਂ ਜੋਗਿੰਦਰ ਬਾਹਰਲਾ ਬਿਮਾਰੀ ਨਾਲ ਜੂਝ ਰਿਹਾ ਸੀ, ਉਦੋਂ ਵੀ ਸਰਕਾਰ ਅੱਗੇ ਇਲਾਜ ਲਈ ਤਰਲੇ ਕੱਢੇ ਗਏ ਸਨ, ਜਗਦੀਸ਼ ਫ਼ਰਿਆਦੀ ਦੀ ਬਿਮਾਰੀ ਵੇਲ਼ੇ ਵੀ ਇਹੀ ਹੋਇਆ ਸੀ, ਸ਼ਾਇਰ ਹਰਿੰਦਰ ਸਿੰਘ ਮਹਿਬੂਬ ਵੇਲ਼ੇ ਵੀ ਤੇ ਨਾਟਕਕਾਰ ਅਜਮੇਰ ਔਲਖ ਨੂੰ ਵੀ ਨੇੜਲਿਆਂ ਦੀ ਮੱਦਦ ਨਾਲ ਬਚਾਇਆ ਜਾ ਸਕਿਆ ਸੀ।

ਪੰਜਾਬ ਦੇ ਵਿਰਸੇ ਨੂੰ ਸੰਭਾਲਣ ਵਾਲੇ ਜਿਹੜੇ ਲੋਕਾਂ ਨੂੰ ਅਸੀਂ 'ਮਹਾਨ' ਆਖ ਵਡਿਆਉਂਦੇ ਹਾਂ, ਜਿਹੜੇ ਗਵੱਈਆਂ ਲਈ 'ਸਿਰਮੌਰ' ਵਰਗੇ ਸ਼ਬਦ ਵਰਤਦੇ ਹਾਂ, ਜਿਹੜੇ ਸਾਹਿਤਕਾਰਾਂ ਨੂੰ 'ਕਲਮ ਦੇ ਧਨੀ' ਆਖਦੇ ਨਹੀਂ ਥੱਕਦੇ, ਔਖੇ ਵੇਲੇ 'ਸੱਭਿਆਚਾਰ ਹਿਤੈਸ਼ੀ' ਉਨ੍ਹਾਂ ਦੇ ਦੁੱਖ 'ਚ ਸ਼ਰੀਕ ਕਿਉਂ ਨਹੀਂ ਹੁੰਦੇ, ਮੱਦਦ ਲਈ ਦਾਨੀ ਲੋਕ ਅੱਗੇ ਕਿਉਂ ਨਹੀਂ ਆਉਂਦੇ, ਉਨ੍ਹਾਂ ਨੂੰ ਉਮਰ ਭਰ ਮਜਬੂਰੀਆਂ ਦਾ ਭਾਰ ਕਿਉਂ ਚੁੱਕਣਾ ਪੈਂਦੈ, ਇਹ ਸਵਾਲ ਹਰ ਉਸ ਪੰਜਾਬੀ ਅੱਗੇ ਮੂੰਹ ਅੱਡੀ ਖੜ੍ਹੇ ਨੇ, ਜਿਹੜੇ ਕਲਾਵਾਨਾਂ ਦੇ ਦਰਦ ਨੂੰ ਆਪਣਾ ਸਮਝਦੇ ਨੇ।

ਗੱਲ ਇੱਕ 'ਗਾਮੀ' ਦੀ ਨਹੀਂ, ਸੈਂਕੜੇ ਉਨ੍ਹਾਂ 'ਗਾਮੀਆਂ' ਦੀ ਹੈ, ਜਿਹੜੇ ਉਮਰ ਭਰ ਕਲਾ ਦੀਆਂ ਵੱਖ-ਵੱਖ ਵੰਨਗੀਆਂ ਨੂੰ ਸਮਰਪਿਤ ਰਹਿੰਦੇ ਨੇ। ਵਿਰਸੇ ਨੂੰ ਸੰਭਾਲਣ ਅਤੇ ਲੋਕਾਂ ਨੂੰ ਚਾਨਣ ਵਿਖਾਉਣ ਲਈ ਯੋਗਦਾਨ ਪਾਉਂਦੇ ਨੇ, ਪਰ ਬਿਮਾਰੀ ਨਾਲ ਦੋ-ਚਾਰ ਹੁੰਦਿਆਂ ਜਦੋਂ ਹੱਡ ਖਾਲੀ ਪੀਪੇ ਵਾਂਗ ਖੜਕਣ ਲੱਗਦੇ ਨੇ ਤਾਂ ਆਖਰੀ ਸਹਾਰਾ ਸਿਰਫ਼ ਮੰਜਾ ਰਹਿ ਜਾਂਦੈ।

ਕੌਣ ਜਾਣਦੈ ਕਿ ਆਪਣੇ ਵੇਲ਼ੇ ਦਾ ਨਾਮਵਰ ਗੀਤਕਾਰ ਪਾਲ ਮਜਾਰੇ ਵਾਲਾ ਪਿਛਲੇ ਤਿੰਨ ਦਹਾਕਿਆਂ ਤੋਂ ਅਧਰੰਗ ਕਾਰਨ ਮੰਜੇ ਨਾਲ ਜੁੜਿਆ ਹੋਇਐ। ਉਸ ਵੱਲੋਂ ਲਿਖੇ 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ, ਗਾਉਣ ਵਾਲੇ ਦਾ ਮੂੰਹ' ਸਮੇਤ ਅਨੇਕਾਂ ਹੋਰ ਗੀਤਾਂ ਦਾ ਆਨੰਦ ਹਰ ਪੰਜਾਬੀ ਨੇ ਮਾਣਿਆ। ਮੁਹੰਮਦ-ਸਦੀਕ-ਰਣਜੀਤ ਕੌਰ, ਨਰਿੰਦਰ ਬੀਬਾ, ਜਗਤਾਰ ਜੱਗਾ ਤੇ ਸੁਰਿੰਦਰ ਸ਼ਿੰਦਾ ਸਮੇਤ

ਹੋਰ ਕਲਾਕਾਰਾਂ ਉਸ ਦੇ ਗੀਤ ਗਾਏ, ਪਰ ਕਿੰਨੇ ਕੁ ਪੰਜਾਬੀ ਨੇ ਜਿਨ੍ਹਾਂ ਆਰਥਿਕ ਪੱਖੋਂ ਉਸ ਦੀ ਮੱਦਦ ਕੀਤੀ ?

ਪੰਜਾਬੀ ਗਾਇਕੀ ਵਿੱਚ ਕਈ ਦਹਾਕੇ ਵਡਮੁੱਲਾ ਯੋਗਦਾਨ ਪਾਉਣ ਵਾਲਾ ਜੋਗਿੰਦਰ ਸਿੰਘ ਮਤਵਾਲਾ ਉਮਰ ਦੇ ਆਖਰੀ ਪੜਾਅ 'ਚ ਜਿਹੜਾ ਵਕਤ ਭੋਗ ਰਿਹੈ, ਉਸ ਵੱਲ ਦੇਖ ਗੱਚ ਭਰ ਆਉਂਦੈ। ਜਦੋਂ ਉਸ ਨੂੰ ਪਹਿਲੀ ਵਾਰੀ ਮਿਲਿਆ ਸਾਂ, ਉਦੋਂ ਉਹ ਆਪਣੀ ਟੁੱਟੀ ਬਾਂਹ ਦੂਜੇ ਹੱਥ 'ਚ ਫੜ ਕੋਟਕਪੂਰੇ ਦੇ ਬੱਸ ਅੱਡੇ 'ਚ ਦਰਦ ਨਾਲ ਕੁਰਲਾ ਰਿਹਾ ਸੀ। ਉਸ ਦੀ ਹਾਲਤ ਬਾਰੇ ਵੱਖ-ਵੱਖ ਅਖ਼ਬਾਰਾਂ 'ਚ ਲਿਖਿਆ ਤਾਂ ਪ੍ਰਵਾਸੀ ਵੀਰਾਂ ਉਸ ਨੂੰ ਪੈਂਤੀ ਹਜ਼ਾਰ ਰੁਪਿਆ ਭੇਜਿਆ, ਉਸ ਨਾਲ ਉਹਨੇ ਬਾਂਹ 'ਤੇ ਪਲੱਸਤਰ ਲਵਾਇਆ ਤੇ ਟੱਬਰ ਲਈ ਲੀੜੇ-ਕੱਪੜੇ ਖਰੀਦੇ। ਮਾੜੀ ਕਿਸਮਤ ਬਾਅਦ 'ਚ ਉਸ ਦਾ ਪੱਟ ਟੁੱਟ ਗਿਆ। ਅਨੇਕਾਂ ਵਾਰ ਉਸ ਨੇ ਮੰਤਰੀਆਂ-ਸੰਤਰੀਆਂ ਨਾਲ ਸੰਪਰਕ ਦੀ ਕੋਸ਼ਿਸ਼ ਕੀਤੀ, ਪਰ ਖੱਜਲ ਹੋਣ ਤੋਂ ਸਿਵਾ ਕੁੱਝ ਨਸੀਬ ਨਾ ਹੋਇਆ। ਇੱਕ ਵਾਰ ਉਸ ਨੇ ਅੱਖਾਂ ਭਰ ਕੇ ਦੱਸਿਆ ਕਿ ਪੰਜ ਵਾਰ ਲੋਕਾਂ ਤੋਂ ਪੈਸੇ ਫੜ ਮੁੱਖ ਮੰਤਰੀ ਨੂੰ ਮਿਲਣ ਗਿਆ, ਪਰ ਸੈਕਟਰੀਏਟ ਬਾਹਰ ਖੜ੍ਹਨ ਵਾਲੇ ਝਿੜਕਾਂ ਮਾਰ ਇੰਜ ਭਜਾਉਂਦੇ ਨੇ, ਜਿਵੇਂ ਮੰਗਤਾ ਭਜਾਇਆ ਜਾਂਦੈ।

ਕੌਣ ਜਾਣਦੈ ਕਿ ਅਮਲੋਹ ਲਾਗਲੇ ਪਿੰਡ ਲੱਖਾ ਸਿੰਘ ਵਾਲਾ 'ਚ ਵਸਦੇ ਗਵੱਈਏ ਲੱਖੀ ਵਣਜਾਰਾ ਨਾਲ ਵੀ ਕੱਲ੍ਹ ਨੂੰ 'ਗਾਮੀ' ਵਾਲੀ ਹੋ ਸਕਦੀ ਹੈ, ਕਿਉਂਕਿ ਉਸ ਕੋਲ ਇਲਾਜ ਲਈ ਤਾਂ ਕੀ ਆਟੇ ਜੋਗੇ ਪੈਸੇ ਵੀ ਨਹੀਂ। ਕਿਹੜੀ ਸੰਸਥਾ ਜਾਣਦੀ ਹੈ ਕਿ ਅਮਰ ਸਿੰਘ ਚਮਕੀਲਾ ਨੂੰ ਦੋਗਾਣਾ ਗਾਇਕੀ 'ਚ ਲਿਆਉਣ ਵਾਲੀ ਸੁਰਿੰਦਰ ਸੋਨੀਆ ਨਾਲ ਵੀ 'ਗਾਮੀ' ਵਾਲੀ ਹੋ ਰਹੀ ਹੈ। ਉੱਤਮ ਸਿੰਘ ਭੋਲ਼ਾ ਨਾਥ, ਦਲੀਪ ਸਿੰਘ ਦਲੀਪ, ਚਤਰ ਸਿੰਘ ਪਰਵਾਨਾ ਤੇ ਮਿਰਜ਼ਾ ਸੰਗੋਵਾਲੀਆ ਵੀ 'ਗਾਮੀ' ਦੀ ਪਾਲ 'ਚ ਖੜ੍ਹੇ ਨੇ।

ਭਲਾ ਸੋਚੋ ਇਸ ਪਦਾਰਥਵਾਦੀ ਯੁਗ 'ਚ ਸੱਚੇ ਦਿਲੋਂ ਕਲਾ ਨੂੰ ਸਮਰਪਤ ਹਨ ਹੀ ਕਿੰਨੇ ਕੁ ਤੇ ਜੇ ਉਹ ਵੀ ਇਲਾਜ ਲਈ ਤਰਸਦੇ ਜਹਾਨ ਤੋਂ ਰੁਖਸਤ ਹੋਣਗੇ ਤਾਂ ਨਵੀਂ ਪਨੀਰੀ ਕਲਾ ਨੂੰ ਇਬਾਦਤ ਕਿਵੇਂ ਸਮਝੇਗੀ ? ਕਲਾ ਤੇ ਕਲਾਕਾਰਾਂ ਦੀ ਕਦਰ ਕਰਨੀ ਸਰਕਾਰਾਂ ਦਾ ਫ਼ਰਜ਼ ਹੁੰਦੈ ਤੇ ਜਿਹੜੀਆਂ ਸਰਕਾਰਾਂ ਇਹ ਫ਼ਰਜ਼ ਨਿਭਾਉਣ ਤੋਂ ਅਸਮਰੱਥ ਨੇ, ਉਨ੍ਹਾਂ ਦੇ ਸੂਬੇ 'ਚ ਕਲਾ ਦਾ ਦਰਿਆ ਕਿਵੇਂ ਠਾਠਾਂ ਮਾਰ ਸਕਦੈ ?

# ਸੀਤਲ ਸਿੰਘ ਸੀਤਲ

(1947–2010)

ਪੰਜਾਬੀ ਗਾਇਕੀ ਦਾ ਚੌਮੁਖੀਆ ਦੀਵਾ ਸੀਤਲ ਸਿੰਘ ਸੀਤਲ ਜਵਾਨੀ ’ਚ ਲਟ-ਲਟ ਬਲ਼ ਤੇ ਅੰਤਲੇ ਸਾਲਾਂ ’ਚ ਮੱਠੀ-ਮੱਠੀ ਲੋਅ ਵੰਡਦਾ 2010 ’ਚ ਇਕਦਮ ਬੁਝ ਗਿਆ। ਪੰਜਾਬੀ ਗਾਇਕੀ ਨੂੰ ਉਸ ਦੀ ਬੜੀ ਵੱਡੀ ਦੇਣ ਸੀ। ਐਲ.ਪੀ ਰਿਕਾਰਡਾਂ ਵਾਲੇ ਹਮਉਮਰ ਗਾਇਕਾਂ ਵਾਂਗ ਕੈਸਿਟ ਕਲਚਰ ਨੇ ਉਸ ਨੂੰ ਐਸੀ ਠਿੱਬੀ ਲਾਈ ਕਿ ਆਖਰੀ ਵੇਲੇ ਤੱਕ ਉਹ ਮੁੱਖ ਧਾਰਾ ’ਚ ਆਉਣ ਲਈ ਜੂਝਦਾ ਰਿਹਾ, ਪਰ ਦੇਰ ਬਹੁਤ ਹੋ ਗਈ ਸੀ ਤੇ ਗਾਇਕੀ ਪੈਸਾ ਪ੍ਰਧਾਨ ਹੋਣ ਕਰਕੇ ਉਸ ਦੀਆਂ ਆਸਾਂ ਨੂੰ ਬੂਰ ਨਾ ਲੱਗਾ। ਥੋੜ੍ਹਾ ਗ਼ਰਮ ਮਿਜਾਜ਼, ਬਣ-ਠਣ ਰਹਿਣ ਵਾਲਾ ਸੀਤਲ ਸਿੰਘ ਸੀਤਲ ਕੋਟਕਪੂਰੇ ਦੇ ਗੀਤਕਾਰ ਅਮਰ ਸਿੰਘ ਮਸਤਾਨਾ ਦਾ ਗੁਰਭਾਈ ਜਾਪਦਾ ਸੀ, ਕਿਉਂਕਿ ਦੋਹਾਂ ਦਾ ਚਿਹਰਾ-ਮੋਹਰਾ ਇੱਕੋ ਜਿਹਾ ਸੀ।

ਸੀਤਲ ਨੇ ਜ਼ਿੰਦਗੀ ਨੂੰ ਹੱਸ ਕੇ ਜੀਵਿਆ ਤੇ ਮੁਸ਼ਕਲਾਂ ’ਚ ਹੌਸਲਾ ਨਾ ਹਾਰਿਆ। ਉਸ ਨਾਲ ਜਦੋਂ ਵੀ ਮੁਲਾਕਾਤ ਹੋਈ, ਉਹ ਯੋਜਨਾਵਾਂ ’ਚ ਮਸਤ ਦਿਸਿਆ। ਮੀਡੀਏ ਦਾ ਉਹ ਬੜਾ ਕਦਰਦਾਨ ਸੀ ਤੇ ਪੁਰਾਣੀਆਂ ਯਾਦਾਂ ਚੇਤੇ ਕਰਕੇ ਗਦ-ਗਦ ਹੋ ਉੱਠਦਾ। ਲੰਘਿਆ ਵੇਲ਼ਾ ਚੇਤੇ ਕਰ ਉਸ ਦੀਆਂ ਅੱਖਾਂ ’ਚ ਚਮਕ ਆ ਜਾਂਦੀ...ਬਾਦਸ਼ਾਹਾਂ ਵਾਂਗ। ਉਸ ਨੇ ਸਿਰੇ ਦਾ ਚੰਗਾ ਵੇਲ਼ਾ ਵੀ ਦੇਖਿਆ ਤੇ ਰੱਜ ਕੇ ਗ਼ਰੀਬੀ ਵੀ। ਇੱਕ ਵੇਲ਼ਾ ਸੀ, ਜਦੋਂ ਉਹ ਲੁਧਿਆਣਾ ਮੰਡੀ ਦਾ ਸਭ ਤੋਂ ਅਮੀਰ ਗਵੱਈਆ ਹੁੰਦਾ ਸੀ, ਫੇਰ ਉਹ ਵਕਤ ਆਇਆ ਜਦੋਂ ਦੋ ਡੰਗ ਦੀ ਰੋਟੀ ਵੀ ਔਖਿਆਂ ਜੁੜਦੀ ਹੈ। ਉਸ ਨੇ ਹਰ ਸ਼ੌਕ ਪੂਰਿਆ, ਕੋਈ ਰੀਝ ਨਾ ਛੱਡੀ, ਕਲਾਕਾਰਾਂ ਵਾਲਾ ਹਰ ਰੰਗ ਦੇਖਿਆ, ਫੇਰ ਪ੍ਰੇਸ਼ਾਨ ਰਹਿਣ ਲੱਗਾ ਤੇ ਝਮੇਲਿਆਂ ’ਚ ਉਲਝਿਆਂ ਹੀ ਉਸ ਦੇ ਸਾਹਾਂ ਦੀ ਡੋਰ ਟੁੱਟ ਗਈ।

ਸੀਤਲ ਦੀ ਮੌਤ ਵਾਲੇ ਦਿਨ ਪਹਿਲਾ ਸੋਗਮਈ ਫ਼ੋਨ ਆਇਆ ਤਾਂ ਅੱਖਾਂ ਅੱਗੇ ਉਸ ਨਾਲ ਬਿਤਾਏ ਵਕਤ ਦੀ ਰੀਲ੍ਹ ਚੱਲ ਪਈ। ਪਹਿਲੇ ਦਿਨ ਦੀ ਮਿਲਣੀ ਚੇਤੇ ਆਉਣ ਲੱਗੀ। ‘ਸੁਰਾਂ ਦੇ ਵਾਰਿਸ’ ਪੁਸਤਕ ਵਿੱਚ ਉਸ ਨੂੰ ਸ਼ਾਮਲ ਕਰਨ ਲਈ ਨੂਰਮਹਿਲ ਜਾਣ ਵਾਲਾ ਦਿਨ ਚੇਤੇ ਆ ਗਿਆ। ਜਦੋਂ ਉਸ ਨੂੰ ਦੱਸਿਆ ਕਿ ਉਨ੍ਹਾਂ ਗਵੱਈਆਂ ’ਤੇ ਕਿਤਾਬ ਲਿਖ ਰਿਹਾਂ, ਜਿਨ੍ਹਾਂ ਦੀ ਤਵਿਆਂ ਵਾਲੇ ਯੁੱਗ ਨੂੰ ਵੱਡੀ

ਦੇਣ ਹੈ, ਪਰ ਅੱਜ ਉਹ ਗੁਰਬਤ ਭਰੀ ਜ਼ਿੰਦਗੀ ਜਿਊਂ ਰਹੇ ਨੇ, ਉਨ੍ਹਾਂ ਦੀ ਪਛਾਣ ਖੁੱਸ ਚੁੱਕੀ ਹੈ, ਕੋਈ ਸਾਰ ਨਹੀਂ ਲੈਂਦਾ, ਤਾਂ ਉਹ 'ਵਧੀਆ ਕੰਮ ਐ...ਵਧੀਆ ਐ...' ਕਹਿਣ ਸਾਰ ਬੋਲਿਆ, 'ਮੇਰੇ ਕੋਲ ਤਾਂ ਪ੍ਰੋਗਰਾਮ ਹੈਗੇ ਨੇ...ਮੇਰੀ ਪਛਾਣ ਨਹੀਂ ਖੁੱਸੀ...ਜੀਹਨੂੰ ਮਰਜ਼ੀ ਪੁੱਛ ਲਵੋ...।'

ਜੀਹਨੇ ਚੰਗਾ ਵੇਲ਼ਾ ਦੇਖਿਆ ਹੁੰਦੈ, ਉਹ 'ਮਾੜਾ' ਕਬੂਲਣ ਲਈ ਤਿਆਰ ਨਹੀਂ ਹੁੰਦਾ। ਸਭ ਜਾਣਦੇ ਨੇ ਕਿ ਅੱਜ ਦੇ ਦੌਰ 'ਚ ਪੁਰਾਣੇ ਕਲਾਕਾਰਾਂ ਦੀ ਕੋਈ ਪੁੱਛ ਨਹੀਂ, ਇੱਥੋਂ ਤੱਕ ਕਿ ਜਿਹੜੇ ਗਵੱਈਏ ਵੀਹ-ਵੀਹ ਲੱਖ ਕੈਸਿਟਾਂ 'ਤੇ ਲਾਉਂਦੇ ਨੇ, ਉਨ੍ਹਾਂ ਨੂੰ ਵੀ ਕੋਈ ਨਹੀਂ ਪੁੱਛਦਾ ਤਾਂ ਕਿਸੇ ਦਾ ਚੇਤਾ ਏਨਾ ਨਰੋਆ ਕਿਵੇਂ ਹੋ ਸਕਦੈ ਕਿ ਵੀਹ-ਪੱਚੀ ਸਾਲ ਪਹਿਲਾਂ ਵਾਲੇ ਨੂੰ ਚੇਤੇ ਰੱਖੇ।

ਮੈਂ ਆਖਿਆ, 'ਹਾਂ...ਹਾਂ...ਪਰ ਮੇਰਾ ਇਰਾਦਾ ਏ ਕਿ ਤੁਹਾਡੇ ਬਾਰੇ ਵੀ ਲਿਖਿਆ ਜਾਵੇ...ਤੁਹਾਡੇ ਸਮਕਾਲੀ ਚਤਰ ਸਿੰਘ ਪਰਵਾਨਾ, ਮਿਰਜ਼ਾ ਸੰਗੋਵਾਲੀਆ, ਗੁਰਪਾਲ ਸਿੰਘ ਪਾਲ, ਉੱਤਮ ਸਿੰਘ ਭੋਲ਼ਾ ਨਾਥ, ਅਮਰ ਸਿੰਘ ਮਸਤਾਨਾ, ਅਮਰ ਨਾਥ ਤਾਨਸੈਨ, ਸਾਰੇ ਹੋਣਗੇ ਕਿਤਾਬ 'ਚ...।' ਉਸ ਆਖਿਆ, 'ਠੀਕ ਐ...ਲਿਖ ਫਿਰ...ਮੈਂ ਏਦਾਂ ਸਫ਼ਰ ਸ਼ੁਰੂ ਕੀਤਾ...ਏਦਾਂ ਮੇਰੀ ਚੜ੍ਹਤ ਸ਼ੁਰੂ ਹੋਈ...ਪਹਿਲੇ ਰਿਕਾਰਡ ਨੂੰ ਏਦਾਂ ਦਾ ਹੁੰਗਾਰਾ ਮਿਲਿਆ...ਬੜਿਆਂ ਨੇ ਪੈਰ ਮਿੱਧੇ...ਸੀਮਾ ਨਾਲ ਏਨੇ ਪ੍ਰੋਗਰਾਮ ਲਾਏ...ਫੇਰ ਉਹਦੀ ਨਿਗ੍ਹਾ ਬਦਲ ਗਈ...ਸਭ ਕੁੱਝ ਉਹ ਲੈ ਗਈ...ਮੈਂ ਬਿਮਾਰ ਹੋ ਗਿਆ...ਉਹ ਮਰ ਗਈ...ਮੈਂ ਅੱਜ ਵੀ ਗਾਉਂਦਾ ਤੇ ਜਿਊਂਦਾ ਹਾਂ....।'

ਸਭ ਕੁੱਝ ਘੋਖ-ਪਰਖ ਕੇ ਆਰਟੀਕਲ ਲਿਖਿਆ, ਜਿਹੜਾ ਕਈ ਅਖ਼ਬਾਰਾਂ 'ਚ ਛਪਿਆ। ਫੇਰ ਉਹੀ ਆਰਟੀਕਲ 'ਸੁਰਾਂ ਦੇ ਵਾਰਿਸ' 'ਚ ਛਾਪਿਆ ਤਾਂ ਸੀਤਲ ਨੇ ਰੋਸ ਭਰਿਆ ਸੁਨੇਹਾ ਭੇਜਿਆ, 'ਮੇਰਾ ਕੰਮ-ਕਾਜ ਵਧੀਆ ਚੱਲ ਰਿਹੈ...ਮੇਰੇ ਬਾਰੇ 'ਗ਼ਰੀਬ' ਸ਼ਬਦ ਐਵੇਂ ਵਰਤ ਦਿੱਤਾ...।'

ਜਦੋਂ ਕਿਤਾਬ ਅਧਾਰਤ 'ਮਾਈ ਐਫ਼.ਐਮ' ਵੱਲੋਂ ਚੈਰਿਟੀ ਇਕੱਠੀ ਕਰਕੇ ਗੁਰਪਾਲ ਸਿੰਘ ਪਾਲ, ਉੱਤਮ ਸਿੰਘ ਭੋਲ਼ਾ ਨਾਥ, ਦਲੀਪ ਸਿੰਘ ਦੀਪ, ਮੋਹਣ ਸਿੰਘ ਮਸਤਾਨਾ ਤੇ ਲੱਖੀ ਵਣਜਾਰਾ ਨੂੰ ਸਨਮਾਨਿਆ ਗਿਆ ਤਾਂ ਖ਼ਬਰਾਂ ਪੜ੍ਹ ਉਹਨੇ ਫ਼ੋਨ ਕੀਤਾ, 'ਅਗਲੀ ਵਾਰ ਮੇਰਾ ਨਾਂਅ ਵੀ...।'

ਇੱਕ ਵਾਰ ਸੀਤਲ ਰਜਿੰਦਰ ਕੁਮਾਰ ਵਾਂਗ ਬਣ-ਠਣ ਦਫ਼ਤਰ ਆਇਆ ਤਾਂ ਮੈਂ ਟਪਲਾ ਖਾ ਗਿਆ। ਤੇਲ ਨਾਲ ਚੋਪੜੇ ਟੇਢੇ ਚੀਰ ਨਾਲ ਵਾਹੇ ਵਾਲ਼, ਅੱਖਾਂ 'ਤੇ ਕਾਲ਼ੇ ਰੰਗ ਦੀ ਐਨਕ, ਪੈਂਟ-ਸ਼ਰਟ ਪਹਿਨੀ ਜਦੋਂ ਨੇੜੇ ਆਇਆ ਤਾਂ ਬੋਲਿਆ,

'ਪੈ ਗਿਆ ਨਾ ਭੁਲੇਖਾ...ਕਲਾਕਾਰ ਕਦੇ ਬੁੱਢਾ ਨਹੀਂ ਹੁੰਦਾ...।'

ਉਸ ਦੇ ਨੂਰਮਹਿਲੀਏ ਸਾਥੀ ਤੇ ਲੁਧਿਆਣਾ ਮੰਡੀ ਦੇ ਕਲਾਕਾਰ ਦੱਸਦੇ ਨੇ, 'ਬੜੀ ਚੜ੍ਹਤ ਸੀ ਇਹਦੀ ਤੇ ਸੀਮਾ ਦੀ। ਸੀਤਲ ਉਹਦੇ 'ਤੇ ਹੱਦੋਂ ਵੱਧ ਭਰੋਸਾ ਕਰਦਾ। 'ਕੱਠੇ ਖਾਣ-ਪੀਣ, ਗਾਉਣ-ਵਜਾਉਣ, ਰਹਿਣ-ਸਹਿਣ।ਸੀਤਲ ਉਹਨੂੰ ਸਮਰਪਤ ਸੀ, ਪਰ ਉਹਦੀ ਸੋਚ ਹੋਰ ਸੀ। ਗਾ-ਗਾ ਸੀਤਲ ਨੇ ਕਾਰਾਂ, ਪਲਾਟ, ਕੋਠੀਆਂ ਸਭ ਖਰੀਦਿਆ। ਪਰ ਉਹਦੇ ਚੁੰਗਲ 'ਚ ਐਸਾ ਫਸਿਆ ਕਿ ਇਹਦਾ ਸਭ ਕੁੱਝ 'ਉਹਦਾ' ਹੋ ਗਿਆ, ਫੇਰ ਪਿੱਠ 'ਤੇ ਲੱਤ ਵੱਜ ਗਈ ਤੇ ਮੁੜ ਉਥੇ ਆ ਗਿਆ, ਜਿੱਥੋਂ ਤੁਰਿਆ ਸੀ।

ਸੀਤਲ ਤੇ ਸੀਮਾ ਨੇ ਬਾਰਾਂ ਸਾਲ 'ਕੱਠਿਆਂ ਗਾਇਆ।ਮੁਹੰਮਦ ਸਦੀਕ-ਰਣਜੀਤ ਕੌਰ, ਸੁਰਿੰਦਰ ਸ਼ਿੰਦਾ-ਗੁਲਸ਼ਨ ਕੋਮਲ, ਅਮਰ ਨਾਥ ਤਾਨਸੈਨ-ਸਵਰਨ ਲਤਾ ਵਾਂਗ ਇਹ ਜੋੜੀ ਮਕਬੂਲ ਹੋਈ। ਸੀਤਲ ਨੇ ਸੁਰਿੰਦਰ ਕੌਰ, ਨਰਿੰਦਰ ਬੀਬਾ, ਸਵਰਨ ਲਤਾ, ਸੁਰਿੰਦਰ ਸੋਨੀਆ, ਸਤਿੰਦਰ ਬੀਬਾ, ਪਰਮਿਲਾ ਪੰਮੀ, ਹਰਜੀਤ ਗਿੱਲ ਤੇ ਸੰਤੋਸ਼ ਕੁਮਾਰੀ ਨਾਲ ਵੀ ਗਾਇਆ।

ਸੀਤਲ ਦਾ ਜਨਮ 1947 ਦੀ 26 ਨਵੰਬਰ ਨੂੰ ਜਲੰਧਰ ਦੇ ਪਿੰਡ ਸੰਗੋਵਾਲ 'ਚ ਹੋਇਆ। ਗਾਉਣ ਦਾ ਝੱਸ ਉਸ ਨੂੰ ਮਾਮੇ ਵੱਲ ਦੇਖ ਛੋਟੀ ਉਮਰੇ ਪੈ ਗਿਆ। ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਉਸ ਬਾਬਤ ਕੀਤੀ ਭਵਿੱਖਬਾਣੀ ਸੱਚ ਸਾਬਤ ਹੋਈ। ਸੀਤਲ ਖੁਦ ਦੱਸਿਆ ਕਰਦਾ ਸੀ, 'ਮੈਂ ਛੇਵੀਂ 'ਚ ਸਾਂ, ਜਦੋਂ ਪੰਡਤ ਨਹਿਰੂ ਨੂਰਮਹਿਲ ਆਏ। ਮੈਂ ਗੀਤ ਗਾਇਆ, 'ਮੇਰੇ ਦੇਸ ਦਿਆ ਕਿਰਸਾਨਾ ਜੁਗ-ਜੁਗ ਜੀਵੇਂ ਜਗ 'ਤੇ...।' ਨਹਿਰੂ ਨੇ ਮੈਨੂੰ ਗੋਦੀ 'ਚ ਬਿਠਾ ਕੇ ਕਿਹਾ, 'ਯੇ ਬੱਚਾ ਬੜਾ ਹੋਕਰ ਅੱਛਾ ਫ਼ਨਕਾਰ ਬਨੇਗਾ।'

ਸੀਤਲ ਦਾ ਪਲੇਠਾ ਰਿਕਾਰਡ 'ਐਚ.ਐਮ.ਵੀ' ਨੇ ਰਿਲੀਜ਼ ਕੀਤਾ।ਪੱਥਰ ਵਾਲੇ ਉਸ ਰਿਕਾਰਡ 'ਚ ਦੋ ਗੀਤ ਸਨ, 'ਚਰ੍ਹੀਆਂ ਝੂਕਦੀਆਂ ਰੋਟੀ ਲੈ ਕੇ ਕਿੱਧਰ ਨੂੰ ਆਵਾਂ' ਤੇ 'ਭਾਬੀ ਤੇਰੀ ਗੁੱਤ ਵਰਗਾ ਸੱਪ ਲੈ ਕੇ ਬੰਗਾਲੀ ਆਇਆ।' ਪਰਮਿਲਾ ਪੰਮੀ ਨਾਲ ਆਏ ਉਸ ਦੇ ਇੱਕ ਹੋਰ ਰਿਕਾਰਡ ਵਿਚਲੇ ਗੀਤ 'ਢੋਲ ਸ਼ਰਾਬੀ ਨਾਲ ਗੋਰੀਏ ਨਾ ਲੜ ਨੀਂ' ਤੇ 'ਪਹਿਲੀ ਰਾਤ ਮੁਕਲਾਵਾ ਬੂਹ ਮਾਹੀਆ' ਖ਼ੂਬ ਚੱਲੇ। ਨਰਿੰਦਰ ਬੀਬਾ ਨਾਲ ਆਏ ਰਿਕਾਰਡਾਂ ਵਿਚੋਂ 'ਰੋਕ ਡਰਾਈਵਰ ਗੱਡੀ ਵੇ ਮੈਂ ਬੱਸ ਭੁਲੇਖੇ ਚੜ੍ਹ ਗਈ ਆਂ' ਗੀਤ ਚੰਗਾ ਚੱਲਿਆ। ਸਤਿੰਦਰ ਬੀਬਾ ਨਾਲ 'ਨਾਲ ਡਰਾਈਵਰ ਕੁੜੀਓ ਨੀਂ ਕੋਈ ਵਿਆਹ ਕਰਵਾਇਓ ਨਾ', 'ਕੁੜਤੀ ਸਵਾ ਕੇ ਦਿੱਤੀ

ਤੰਗ ਮਿੱਤਰਾ', 'ਮੁੰਡਾ ਮੰਗੇ ਮਸਰਾਂ ਦੀ ਦਾਲ਼ ਮਾਏ, 'ਪੱਟੇ ਗਏ ਵੇ ਅੱਖਾਂ ਲਾਈਆਂ ਨਾ ਵਿਚਾਰ ਕੇ' ਅਤੇ 'ਜੱਟ ਨੇ ਲਾਲ ਪਰੀ ਸਿਖਰ ਦੁਪਹਿਰੇ ਪੀਤੀ' ਵਧੀਆ ਰਹੇ। ਸੁਰਿੰਦਰ ਸੋਨੀਆ ਨਾਲ ਰਿਲੀਜ਼ ਹੋਏ ਰਿਕਾਰਡ ਵਿਚਲਾ ਗੀਤ 'ਆਈ ਹੂਰ ਹਵੇਲੀਓਂ ਹੋ ਕੇ, ਬੂਰੀਆਂ ਮਹੀਆਂ ਦਾ ਦੁੱਧ ਚੋਅ ਕੇ' ਵੀ ਸਭ ਨੇ ਸੁਣਿਆ।

ਸੀਤਲ ਤੇ ਸੀਮਾ ਦਾ ਗੀਤ 'ਦੁੱਧ ਦੇ ਗਿਲਾਸ ਵਿੱਚ ਮੱਖਣਾ ਘੁਲ ਜਾਵਾਂ ਖੰਡ ਬਣ ਕੇ' ਉਨ੍ਹੀਂ ਦਿਨੀਂ ਹਰ ਗਲ਼ੀ-ਮੁਹੱਲੇ ਵੱਜਿਆ। ਸੀਤਲ ਨੇ ਤਿੰਨ ਪੰਜਾਬੀ ਫ਼ਿਲਮਾਂ 'ਤੇਰੀ ਮੇਰੀ ਇੱਕ ਜਿੰਦ', 'ਭੁਲੇਖਾ' ਅਤੇ 'ਨਿੰਮੋ' ਵਿੱਚ ਗਾਇਆ। ਜਦੋਂ ਤਵਿਆਂ ਵਾਲੇ ਯੁੱਗ ਦਾ ਭੋਗ ਪੈ ਗਿਆ ਤਾਂ 'ਐਚ.ਐਮ.ਵੀ' ਨੇ ਉਸ ਦੇ ਗੀਤਾਂ ਦੀਆਂ ਕੈਸਿਟਾਂ ਬਣਾ ਦਿੱਤੀਆਂ, ਜਿਹੜੀਆਂ 'ਘੁੰਡ ਵਿੱਚ ਦੀ ਸ਼ਰਾਰਤ', 'ਦਿਲ ਕਰੇ ਧਕ ਧਕ', 'ਜੇਠ ਤੋਂ ਮੈਂ ਬਚਗੀ', 'ਛੜਿਆਂ ਦਾ ਘੁੱਗੂ', 'ਕੁੜਤੀ ਸੁਆ ਦਿੱਤੀ ਤੰਗ' ਅਤੇ 'ਰੱਖਦੀ ਉਡੀਕਾਂ ਤੇਰੀਆਂ' ਨਾਂਵਾਂ ਹੇਠ ਰਿਲੀਜ਼ ਹੋਈਆਂ।

ਸੀਤਲ ਨੂੰ ਮਾਣ ਸੀ ਕਿ ਉਹ ਰੇਡੀਓ ਦਾ 'ਬੀ ਹਾਈ' ਕਲਾਕਾਰ ਹੈ, ਪਰ ਦੁੱਖ ਸੀ ਕਿ ਰੇਡੀਓ ਅਤੇ ਦੂਰਦਰਸ਼ਨ ਵੱਲੋਂ ਪੁਰਾਣੇ ਕਲਾਕਾਰਾਂ ਦੀ ਕਦਰ ਨਹੀਂ ਕੀਤੀ ਜਾਂਦੀ। ਕੰਪਨੀ ਪਹਿਲਾਂ ਉਸ ਨੂੰ ਰਾਇਲਟੀ ਦਿੰਦੀ ਰਹੀ, ਫੇਰ ਬੰਦ ਕਰ ਦਿੱਤੀ। ਚੰਗੇ ਦਿਨਾਂ ਨੂੰ ਚੇਤੇ ਕਰ ਉਹ ਵਾਰ-ਵਾਰ ਆਖਦਾ, 'ਪੂਰੀ ਝੰਡੀ ਰਹੀ ਐ...ਛੇ ਵਾਰ ਅਮਰੀਕਾ ਗਿਆਂ, ਸੱਤ ਵਾਰ ਇੰਗਲੈਂਡ, ਦੋ-ਦੋ ਵਾਰ ਜਰਮਨ, ਨਿਊਜ਼ੀਲੈਂਡ, ਆਸਟ੍ਰੇਲੀਆ, ਜਪਾਨ ਤੇ ਹੋਰ ਮੁਲਕਾਂ 'ਚ।' ਸੀਤਲ ਨੂੰ ਚੰਗਾ ਵੇਲ਼ਾ ਖੁੱਸਣ ਦਾ ਮਲਾਲ ਜ਼ਰੂਰ ਸੀ, ਪਰ ਉਹ ਬਹੁਤੀ ਮਰੂੰ-ਮਰੂੰ ਨਹੀਂ ਸੀ ਕਰਦਾ। ਦਾਰੂ ਨਾਲ ਉਸ ਦੀ ਖਾਸੀ ਨੇੜਤਾ ਰਹੀ, ਉਹ ਆਖਦਾ, 'ਗ਼ਮ ਭੁਲਾਉਣ ਲਈ ਪੀਣੀ ਪੈਂਦੀ ਐ...।'

ਇੱਕ ਵਾਰ ਜਦੋਂ ਉਸ ਨੂੰ ਸਵਾਲ ਕੀਤਾ, 'ਤੁਹਾਡੇ ਬਾਰੇ ਗੱਲਾਂ ਹੁੰਦੀਆਂ ਕਿ ਤੁਸੀਂ ਆਪਣੀ ਕਮਾਈ ਸੰਭਾਲ ਕੇ ਨਹੀਂ ਰੱਖੀ...' ਤਾਂ ਉਹਨੇ ਜਵਾਬ ਦਿੱਤਾ, 'ਇਹ ਦੱਸ...ਹੱਥੀਂ ਕੀਤੀ ਕਮਾਈ ਗੁਆਉਣੀ ਕੌਣ ਚਾਹੁੰਦੈ...ਬੰਦੇ ਦਾ ਤਾਂ ਨਾਂਅ ਲੱਗਦੈ...ਹੁੰਦਾ ਉਹੀ ਐ, ਜੋ ਲਿਖਿਆ ਹੁੰਦੈ...ਮੇਰੇ ਕੋਲ ਆਇਆ ਪੈਸਾ ਪਾਣੀ ਵਰਗਾ ਸੀ, ਕੁਝ ਦੇਰ ਰੁਕਿਆ ਤੇ ਅਗਾਂਹ ਚਲਾ ਗਿਆ...ਆਹ ਫਰੇਮ ਕੀਤੀਆਂ ਫੋਟੋਆਂ ਤੇ ਕੈਸਿਟਾਂ ਦੇ ਕਵਰ ਦੇਖ...ਕਿਸੇ 'ਚ ਮੈਂ ਕਿਸੇ ਮੰਤਰੀ ਨਾਲ ਬੈਠਾਂ...ਕਿਸੇ 'ਚ ਕਿਸੇ ਗਵੱਈਏ ਨਾਲ...ਕਿਸੇ 'ਚ ਵਲੈਤ ਹਾਂ...ਕੀ ਇਹ ਮੇਰੀ ਕਮਾਈ ਨਹੀਂ...।'

ਸੀਤਲ ਛੇਤੀ ਤੈਸ਼ 'ਚ ਆ ਜਾਂਦਾ ਸੀ। ਵਕਤ ਨੇ ਉਸ ਨੂੰ ਖਿਝੂ ਬਣਾ

ਦਿੱਤਾ ਸੀ। ਜੀਹਨੇ ਚੜ੍ਹਤ ਵਾਲੇ ਦਿਨ ਦੇਖੇ ਹੋਣ, ਉਹ ਮਿਹਨਤ-ਮਜ਼ਦੂਰੀ ਲਈ ਮਜਬੂਰ ਹੋ ਜਾਵੇ ਤਾਂ ਸੁਭਾਅ 'ਚ ਫ਼ਰਕ ਪੈ ਹੀ ਜਾਂਦੈ...ਕੋਈ ਨਹੀਂ ਚਾਹੁੰਦਾ ਕਿ ਉਸ ਦੀ ਕਮਾਈ ਰੇਤ ਵਾਂਗ ਹੱਥਾਂ 'ਚੋਂ ਕਿਰੇ। ਸੀਤਲ ਸਿੰਘ ਸੀਤਲ ਹੋਰ ਜਿਉਣਾ ਚਾਹੁੰਦਾ ਸੀ। ਬਦਲੇ ਸੰਗੀਤਕ ਦੌਰ ਵਿੱਚ ਕਰ ਭਾਵੇਂ ਉਹ ਕੁੱਝ ਨਹੀਂ ਸੀ ਸਕਦਾ, ਪਰ ਇੱਛਾ ਉਸ ਦੀ ਇਹੀ ਸੀ ਕਿ ਉਹ ਮੁੜ ਅੱਗੇ ਆਵੇ। ਦੁੱਖ ਹੈ ਕਿ ਉਸ ਦੀ ਖਾਹਿਸ਼ ਪੂਰੀ ਨਾ ਹੋਈ। ਭਾਵੇਂ ਉਹ 11 ਅਪ੍ਰੈਲ 2010 ਨੂੰ ਬਹੁਤ ਦੂਰ ਚਲਾ ਗਿਆ, ਪਰ ਚਾਹੁਣ ਵਾਲੇ ਉਸ ਦੀ ਯਾਦ ਤਾਜ਼ਾ ਰੱਖਣ ਦੀ ਕੋਸ਼ਿਸ਼ ਕਰਨਗੇ।

# ਆਸੀ ਅਨਪੜ੍ਹ

ਬਚਿੱਤਰ ਸਿੰਘ ਉਰਫ਼ ਆਸੀ ਅਨਪੜ੍ਹ ਨੂੰ ਨਵਾਂ ਪੋਚ ਬਹੁਤ ਘੱਟ ਜਾਣਦਾ ਸੀ। ਹਾਂ, ਜਿਨ੍ਹਾਂ ਕਰਤਾਰ ਰਮਲੇ, ਮੁਹੰਮਦ ਸਦੀਕ, ਕੁਲਦੀਪ ਮਾਣਕ ਸਮੇਤ ਹੋਰ ਸੀਨੀਅਰ ਗਾਇਕਾਂ ਦੇ ਗੀਤਾਂ ਦਾ ਆਨੰਦ ਮਾਣਿਆ, ਉਹ ਜਾਣਦੇ ਨੇ ਕਿ ਆਸੀ ਵਧੀਆ ਗੀਤਕਾਰ ਸੀ। ਉਹਦੇ ਲਿਖੇ ਕਈ ਗੀਤ ਬਹੁਤ ਕਾਮਯਾਬ ਹੋਏ, ਪਰ ਵਕਤ ਬੀਤਣ ਨਾਲ ਉਹਦੀ ਪ੍ਰਸਿੱਧੀ ਧੁੰਦਲੀ ਹੁੰਦੀ ਗਈ। ਕਮਿਊਨਿਸਟ ਪਾਰਟੀ ਨਾਲ ਉਸ ਦਾ ਨੇੜ ਰਿਹਾ ਤੇ ਲੰਮਾ ਸਮਾਂ ਉਹ ਕਾਮਰੇਡਾਂ ਦੀਆਂ ਸਟੇਜਾਂ 'ਤੇ ਭਾਸ਼ਣ ਦਿੰਦਾ ਤੇ ਗੀਤ ਪੇਸ਼ ਕਰਦਾ ਰਿਹਾ। ਉਸ ਦੇ ਹਮਉਮਰ ਦੱਸਦੇ ਨੇ, 'ਕਿਸੇ ਵੇਲ਼ੇ ਉਸ ਦੀ ਪੂਰੀ ਚੜ੍ਹਤ ਸੀ। ਉਹਦੇ ਗੀਤਾਂ ਨੂੰ ਜੀਹਦੇ-ਜੀਹਦੇ ਕੰਠ ਦਾ ਸਾਥ ਮਿਲਿਆ, ਉਨ੍ਹਾਂ ਦਾ ਭਵਿੱਖ ਨਿੱਖਰ ਗਿਆ।'

ਆਸੀ ਅਨਪੜ੍ਹ ਨਾਲ ਮੇਰਾ ਕਦੇ ਮੇਲ ਨਾ ਹੋਇਆ। ਕਈ ਸੱਜਣਾਂ ਉਹਦੇ ਬਾਰੇ ਲਿਖਣ ਲਈ ਆਖਿਆ, ਪਰ ਸਬੱਬ ਨਾ ਬਣਿਆ। ਉਸ ਦੀ ਮੌਤ ਮਗਰੋਂ ਜਿਹੜਾ ਵਿਵਾਦ ਪੈਦਾ ਹੋਇਆ, ਉਸ ਬਾਰੇ ਜਾਣ ਕੇ ਹੈਰਾਨੀ ਦੀ ਹੱਦ ਨਾ ਰਹੀ। ਕਦੇ ਸੁਣਿਐ ਕਿ ਬੰਦੇ ਦੀ ਮੌਤ ਹੋ ਜਾਵੇ ਤੇ ਕੋਈ ਹੋਰ ਆਖ ਦੇਵੇ ਕਿ ਮੈਂ ਹੀ ਹਾਂ ਉਹ, ਜੀਹਨੂੰ ਮਰਿਆ ਕਿਹਾ ਜਾ ਰਿਹੈ...ਮੈਂ ਤਾਂ ਚੰਗਾ-ਭਲਾ ਜਿਊਂਦਾ-ਜਾਗਦਾ ਹਾਂ।'

2010 ਦੀ 17 ਜਨਵਰੀ ਨੂੰ ਆਸੀ ਅਨਪੜ੍ਹ ਦੀ ਮੌਤ ਹੋ ਗਈ। ਜਦੋਂ ਸਕੇ-ਸਬੰਧੀਆਂ ਅਖ਼ਬਾਰਾਂ 'ਚ ਭੋਗ ਦਾ ਇਸ਼ਤਿਹਾਰ ਛਪਵਾਇਆ ਤਾਂ ਇੱਕ ਹੋਰ ਬਚਿੱਤਰ ਸਿੰਘ ਅਨਪੜ੍ਹ ਆਣ ਧਮਕਿਆ, ਕਹਿੰਦਾ, 'ਮੈਂ ਤਾਂ ਜਿਊਂਦਾ ਹਾਂ, ਪਰਿਵਾਰਕ ਮੈਂਬਰਾਂ ਵੱਲੋਂ ਮੈਨੂੰ ਧੱਕੇ ਨਾਲ ਮਰਿਆ ਸਾਬਤ ਕੀਤਾ ਗਿਐ।'

ਉਸ ਨਾਲ ਜੁੜੇ ਲੋਕਾਂ ਨੂੰ ਇਹ ਗੱਲਾਂ ਸੱਚੀਆਂ ਜਾਪੀਆਂ ਤੇ ਉਨ੍ਹਾਂ ਵੀ ਆਖ ਛੱਡਿਆ ਕਿ ਇਹ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਖ਼ਬਰਾਂ ਜ਼ਰੀਏ ਕਈ ਨਵੀਆਂ ਗੱਲਾਂ ਸਾਹਮਣੇ ਆਈਆਂ, ਪਰ ਭੋਗ ਤੋਂ ਇੱਕ ਦਿਨ ਪਹਿਲਾਂ ਉਹ ਬੰਦਾ ਰਾਤੀਂ ਦੋ ਵਜੇ ਅਲੋਪ ਹੋ ਗਿਆ। ਸ਼ੱਕ ਦੀ ਸੂਈ ਉਸ ਵੱਲ ਘੁੰਮਣੀ ਸ਼ੁਰੂ ਹੋ ਗਈ ਕਿ ਇਹਨੇ ਤਾਂ ਭੋਗ ਵਾਲੀ ਥਾਂ ਪਹੁੰਚ ਕੇ ਸੱਚ-ਝੂਠ ਦਾ ਨਿਤਾਰਾ ਕਰਨਾ ਸੀ, ਇਹ ਅਚਾਨਕ ਗਾਇਬ ਕਿਉਂ ਹੋ ਗਿਆ? ਤੀਜੇ-ਚੌਥੇ ਦਿਨ ਜਦੋਂ ਉਹ ਮਿਲਿਆ

ਤਾਂ ਬਹਾਨੇ ਸ਼ੁਰੂ ਹੋ ਗਏ। ਇੱਕ-ਦੋ ਗੱਲਾਂ ਉਸ ਨੇ ਅਜਿਹੀਆਂ ਕੀਤੀਆਂ, ਜਿਨ੍ਹਾਂ ਨਾਲ ਉਸ 'ਤੇ ਸ਼ੱਕ ਵਧ ਗਿਆ।

ਉਹ ਅਸਲੀ ਬਚਿੱਤਰ ਸਿੰਘ ਅਨਪੜ੍ਹ ਹੈ ਜਾਂ ਨਕਲੀ, ਤੱਕ ਪਹੁੰਚਣ ਲਈ ਬਠਿੰਡੇ ਦੇ ਪੱਤਰਕਾਰ ਭਾਈਚਾਰੇ ਨੇ ਕਾਫੀ ਮਿਹਨਤ ਕੀਤੀ। ਬਖਤੌਰ ਢਿੱਲੋਂ, ਬੀ.ਐਸ.ਭੁੱਲਰ ਤੇ ਜਗਦੀਪ ਗਿੱਲ ਦੀ ਤਿੰਨ ਮੈਂਬਰੀ ਤੱਥ ਖੋਜ ਕਮੇਟੀ ਨੇ ਅਸਲੀਅਤ ਸਾਹਮਣੇ ਲਿਆਂਦੀ ਤੇ ਜਾਅਲੀ ਬਚਿੱਤਰ ਨੂੰ ਭੇਤ ਗੁਪਤ ਰੱਖ ਉਸ ਥਾਂ ਲਿਜਾਇਆ ਗਿਆ, ਜਿੱਥੇ ਉਸ ਦਾ ਭਾਂਡਾ ਭੰਨਣ ਲਈ ਪ੍ਰੈਸ ਕਾਨਫ਼ਰੰਸ ਸੱਦੀ ਹੋਈ। ਉਥੇ ਉਸ ਨੇ ਜੋ-ਜੋ ਕੁੱਝ ਆਖਿਆ, ਸੁਣ ਸਭ ਸੁੰਨ ਹੋ ਗਏ।

ਪਹਿਲਾਂ ਤਾਂ ਆਪੂੰ ਬਣਿਆ ਬਚਿੱਤਰ ਉਰਫ਼ ਹਰਨੇਕ ਸਿੰਘ ਪੱਤਰਕਾਰਾਂ ਅੱਗੇ ਅੜਿਆ ਰਿਹਾ ਕਿ ਮੈਂ ਹੀ ਅਸਲੀ 'ਅਨਪੜ੍ਹ' ਹਾਂ, ਪਰ ਜਦੋਂ ਸਵਾਲਾਂ ਦੀ ਘੁੰਮਣਘੇਰੀ 'ਚ ਫਸ ਗਿਆ ਤਾਂ ਸਭ ਕੁੱਝ ਸੱਚ-ਸੱਚ ਦੱਸਣ ਲੱਗਾ ਕਿ, '1987 'ਚ ਮੈਂ ਇੱਕ ਅੱਤਵਾਦੀ ਦੀ ਭੈਣ, ਜਿਹੜੀ ਚਾਰ ਬੱਚਿਆਂ ਦੀ ਮਾਂ ਸੀ, ਨੂੰ ਲੈ ਕੇ ਫਰਾਰ ਹੋ ਗਿਆ ਸਾਂ। ਜਾਨ ਦਾ ਖਤਰਾ ਸੀ ਤੇ ਮੈਂ ਆਪਣਾ ਨਾਂਅ ਹਰਨੇਕ ਤੋਂ ਬਦਲ ਕੇ ਬਚਿੱਤਰ ਸਿੰਘ ਅਨਪੜ੍ਹ ਰੱਖ ਲਿਆ, ਤਾਂ ਜੁ ਲੋਕ ਮੈਨੂੰ ਗੀਤਕਾਰ ਵਜੋਂ ਜਾਣਨ ਲੱਗਣ। ਮੈਨੂੰ ਪਤਾ ਸੀ ਕਿ ਅਸਲ ਬਚਿੱਤਰ ਘਰ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਮੈਂ ਉਸ ਨਾਲ ਕਾਫੀ ਸਮਾਂ ਡਰਾਮਾ ਸਕੂਐਡ ਵਿੱਚ ਰਿਹਾ ਸਾਂ, ਸਿੱਟੇ ਵਜੋਂ ਉਸ ਦੇ ਗੀਤਾਂ, ਰਹਿਣ-ਸਹਿਣ ਤੇ ਜਾਣ-ਪਛਾਣ ਬਾਰੇ ਖਾਸੀ ਜਾਣਕਾਰੀ ਸੀ। ਦੋ ਦਹਾਕਿਆਂ ਤੋਂ ਵੱਧ ਮੈਂ ਉਸ ਦਾ ਨਾਂਅ ਵਰਤਿਆ, ਲੋਕਾਂ ਮੈਨੂੰ ਅਸਲ ਅਨਪੜ੍ਹ ਸਮਝ ਖੂਬ ਪਿਆਰ ਦਿੱਤਾ। ਜਦੋਂ ਕਾਮਰੇਡਾਂ ਦੀਆਂ ਸਟੇਜਾਂ 'ਤੇ ਆਪਣੇ ਬਾਰੇ ਦੱਸਦਾ ਤਾਂ ਖੂਬ ਸਤਿਕਾਰ ਮਿਲਦਾ।'

ਆਸੀ ਅਨਪੜ੍ਹ ਦੀ ਮੌਤ ਨਾਲ ਜੁੜੇ ਇਸ ਵਿਵਾਦ ਨੇ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਪੰਜਾਬੀ ਸੰਗੀਤ ਮੰਡੀ ਵਿੱਚ ਕੈਸਿਟਾਂ, ਸੀ.ਡੀਜ਼ ਦੀ ਪਾਇਰੇਸੀ ਤਾਂ ਲੰਮੇ ਸਮੇਂ ਤੋਂ ਹੁੰਦੀ ਆ ਰਹੀ ਏ, ਪਰ ਹੁਣ ਕਲਾਵਾਨਾਂ ਦੇ ਨਾਂਵਾਂ ਦੀ ਵੀ ਪਾਇਰੇਸੀ ਹੋਣ ਲੱਗੀ ਏ।ਕੱਲ੍ਹ ਨੂੰ ਕਿਸੇ ਮਸ਼ਹੂਰ ਗਾਇਕ ਨਾਲ ਮਿਲਦੀ ਸ਼ਕਲ ਵਾਲਾ ਬੰਦਾ ਉਸ ਦੇ ਨਾਂਅ ਦੀ ਦੁਰਵਰਤੋਂ ਕਰ ਸਕਦੈ ਤੇ ਜਦੋਂ ਤੱਕ ਅਸਲੀਅਤ ਸਾਹਮਣੇ ਆਵੇਗੀ, ਵਕਤ ਬਹੁਤ ਗੁਜ਼ਰ ਚੁੱਕਾ ਹੋਵੇਗਾ।

ਆਸੀ ਅਨਪੜ੍ਹ ਕਮਾਲ ਦਾ ਗੀਤਕਾਰ ਸੀ, ਡਰਾਮੇਬਾਜ਼ੀ ਤੋਂ ਦੂਰ ਰਹਿਣ ਵਾਲਾ, ਕੰਮ ਤੱਕ ਮਤਲਬ ਰੱਖਣ ਵਾਲਾ। ਮਾਲਵੇ ਦੀ ਧਰਤੀ 'ਤੇ ਉਸ ਦਾ ਜਿਹੋ-

ਜਿਹਾ ਪਾਲਣ-ਪੋਸ਼ਣ ਹੋਇਆ, ਉਹ ਆਖਰੀ ਸਾਹਾਂ ਤੱਕ ਉਸਦੇ ਨਾਲ ਰਿਹਾ। ਨਾ ਉਹ ਗੀਤਕਾਰੀ 'ਚ ਵਪਾਰੀਆਂ ਵਾਂਗ ਵਿਚਰ ਸਕਿਆ ਤੇ ਨਾ ਕਲਾਕਾਰਾਂ ਵਾਂਗ ਝਕਾਨੀਆਂ ਦੇਣੀਆਂ ਸਿੱਖ ਸਕਿਆ। ਉਹਦੇ ਗੀਤ ਨਾਮਣੇ ਵਾਲੇ ਕਲਾਕਾਰਾਂ ਗਾਏ, ਖ਼ੂਬ ਚੜ੍ਹਾਈ ਹੋਈ, ਪਰ ਉਸ ਨੇ ਚੜ੍ਹਤ ਦਾ ਮੁੱਲ ਨਾ ਵੱਟਿਆ। ਆਖਰੀ ਵਕਤ ਉਹ ਮੰਜੇ ਨਾਲ ਜੁੜ ਗਿਆ ਤੇ ਇੱਕ ਦਿਨ ਉਸ ਦੇ ਸਾਹਾਂ ਦੀ ਮਾਲਾ ਟੁੱਟ ਗਈ।

ਅਨਪੜ੍ਹ ਜ਼ਿੰਦਗੀ ਦਾ ਵੱਡਾ ਹਿੱਸਾ ਕਮਿਊਨਿਸਟ ਸਟੇਜਾਂ 'ਤੇ ਰਿਹਾ। ਡਰਾਮਿਆਂ 'ਚ ਉਹਦੀ ਅਦਾਕਾਰੀ ਦੇਖਣ ਲਈ ਵੱਡੀ ਗਿਣਤੀ 'ਚ ਲੋਕ ਜੁੜਦੇ। ਜਦੋਂ ਉਸ ਨੇ ਗੀਤਕਾਰੀ 'ਚ ਪੈਰ ਧਰਿਆ ਤਾਂ ਦਿਨਾਂ 'ਚ ਹੀ 'ਅਨਪੜ੍ਹ-ਅਨਪੜ੍ਹ' ਹੋਣ ਲੱਗ ਗਈ। ਉਹ ਸਧਾਰਨ ਜ਼ਿੰਦਗੀ ਨਾਲ ਜੁੜੇ ਗੀਤਾਂ ਦੀ ਬੁਣਤੀ ਕਰਦਾ। ਦਾਰੂ ਦਾ ਉਹ ਵਾਹਵਾ ਸ਼ੌਕੀਨ ਰਿਹਾ। ਪੜ੍ਹਿਆ-ਲਿਖਿਆ ਨਾ ਹੋਣ ਕਰਕੇ ਉਸ ਨੇ ਤਖੱਲਸ 'ਅਨਪੜ੍ਹ' ਰੱਖ ਲਿਆ। ਖੁਦ ਵਿਆਹ ਨਾ ਕਰਾਇਆ, ਪਰ ਭਤੀਜਿਆਂ, ਭਾਣਜੇ-ਭਾਣਜੀਆਂ ਨੂੰ ਬੜਾ ਪਿਆਰ ਕਰਦਾ। ਉਸ ਦੇ ਇੱਕ ਸ਼ੇਅਰ ਦਾ ਨਮੂਨਾ ਦੇਖੋ :

ਗੀਤ ਮੇਰੇ ਪੁੱਤਰ ਨੇ ਤੇ ਧੀਆਂ ਨੇ ਕਵਿਤਾਵਾਂ,
ਕਲਮ ਮੇਰੀ ਘਰਵਾਲੀ, ਜਿਸ ਨਾਲ ਚਿੱਤ ਪਰਚਾਵਾਂ।

ਅਨਪੜ੍ਹ ਦੀ ਗੀਤਕਾਰੀ ਦੀ ਪੜਚੋਲ ਲਈ ਉਸ ਦੇ ਸਾਰੇ ਗੀਤਾਂ ਨੂੰ ਲੱਭਣਾ ਕਾਫੀ ਮੁਸ਼ਕਲ ਹੈ। ਸੰਗੀ-ਸਾਥੀ ਦੱਸਦੇ ਨੇ, 'ਉਹ ਫੱਕਰ ਸੀ...ਸਾਰੀ ਉਮਰ ਮਨਆਈਆਂ ਕਰਦਾ ਰਿਹਾ।' ਉਸ ਦੇ ਲਿਖੇ ਦਸ ਕੁ ਗੀਤ ਵਾਰ-ਵਾਰ ਸੁਣਨ 'ਤੇ ਪਤਾ ਲੱਗਦੈ ਕਿ ਜਿੱਥੇ ਉਸ ਨੇ ਵਕਤ ਨਾਲ ਮੇਲ ਖਾਂਦੇ ਵਿਸ਼ਿਆਂ ਨੂੰ ਗੀਤਾਂ ਦਾ ਹਿੱਸਾ ਬਣਾਇਆ, ਉਥੇ ਧਾਰਮਿਕ ਅਤੇ ਕ੍ਰਾਂਤੀਕਾਰੀ ਗੀਤ ਵੀ ਲਿਖੇ। ਉਸ ਨੇ ਹੁਸਨ ਦੇ ਸਿਖਰਲੇ ਪੜ੍ਹਾਅ ਬਾਰੇ ਵੀ ਗੀਤ ਲਿਖੇ, ਵਿਛੋੜੇ ਦੀ ਤਾਬ ਵਾਲੇ ਵੀ, ਥੋੜ੍ਹੇ ਹੇਠਲੇ ਦਰਜੇ ਦੇ ਵੀ ਤੇ ਧਾਰਮਿਕ ਰੰਗਣ ਵਾਲੇ ਵੀ।

ਕੁਲਦੀਪ ਮਾਣਕ ਵੱਲੋਂ ਗਾਇਆ ਉਸ ਦਾ ਇੱਕ ਗੀਤ ਵਾਹਵਾ ਮਸ਼ਹੂਰ ਹੋਇਆ, ਜਿਸ ਵਿੱਚ ਉਸ ਨੇ ਹੁਸਨ ਦੀ ਮੱਟੀ ਨੂੰ ਘਰੋਂ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ, ਕਿਉਂਕਿ ਬਾਹਰ ਨਿਕਲਣ ਨਾਲ ਕਈਆਂ ਦੇ ਸਾਹ ਅਟਕਦੇ ਨੇ, ਜਾਨ ਲਬਾਂ 'ਤੇ ਆ ਜਾਂਦੀ ਏ। ਬੋਲ ਸਨ :

ਲਾ ਕੇ ਨੈਣਾਂ ਵਾਲੀ ਨੱਢੀਏ ਨੁਮਾਇਸ਼ ਨੂੰ,

ਬੂਹੇ ਵਿੱਚ ਆ ਕੇ ਖੜ੍ਹਦੀ।
ਚੜ੍ਹ ਗਈ ਜੇ ਨਜ਼ਰ ਡੁੱਬ ਜਾਣੀਏ,
ਨੀਂ 'ਆਸੀ' ਵਾਲੇ 'ਅਨਪੜ੍ਹ' ਦੀ,
ਤੇਰੇ ਨਕਸ਼ਾਂ ਦੇ ਨਕਸ਼ ਉਤਾਰ ਕੇ,
ਨੀਂ ਮੁੰਡਾ ਮੁਸ਼ਤਾਕ ਹੋਜੂਗਾ,
ਘਰੋਂ ਤੁਰੀਏ ਨਾ ਰੂਪ ਨੂੰ ਸ਼ਿੰਗਾਰ ਕੇ,
ਨੀਂ ਐਵੇਂ ਕੋਈ ਹਲਾਕ ਹੋਜੂਗਾ।

ਮਾਣਕ ਨੇ ਆਸੀ ਦੇ ਕਈ ਸੋਲੋ ਗੀਤ ਗਾਏ ਤੇ ਕਈ ਦੋਗਾਣੇ। ਉਸ ਦਾ ਕੁਲਦੀਪ ਕੌਰ ਨਾਲ ਗਾਇਆ ਦੋਗਾਣਾ ਉਨ੍ਹੀਂ ਦਿਨੀਂ ਸਭ ਦੇ ਬੁੱਲ੍ਹਾਂ 'ਤੇ ਚੜ੍ਹਿਆ, ਜਿਸ 'ਚ ਉਸ ਨੇ ਗੋਰੇ ਰੰਗ ਦੇ ਪੁਆੜਿਆਂ ਦਾ ਜ਼ਿਕਰ ਕੀਤਾ ਸੀ। ਆਸੀ ਦੇ ਅੱਧੋਂ ਵੱਧ ਗੀਤਾਂ 'ਚੋਂ ਪਿੰਡਾਂ ਦਾ ਜ਼ਿਕਰ ਤੇ ਪੇਂਡੂ ਮੁਟਿਆਰਾਂ ਦੇ ਹੁਸਨ ਦੀ ਸਿਫ਼ਤ ਝਲਕਦੀ ਏ। ਜੋ ਕੁੱਝ ਉਸ ਨੇ ਦੇਖਿਆ, ਜਿਵੇਂ ਮਹਿਸੂਸ ਕੀਤਾ, ਉਸੇ ਦਾ ਗੀਤ ਬਣਾ ਦਿੱਤਾ ਤੇ ਬਾਅਦ ਵਿੱਚ ਹਰ ਪੰਜਾਬੀ ਨੂੰ ਉਹ ਗੀਤ ਆਪਣਾ ਲੱਗਿਆ, ਹੱਡੀਂ ਹੰਢਾਈ ਦਾਸਤਾਨ ਜਾਪਿਆ।

ਤੇਰਾ ਹੁਸਨ ਹਰਕਤਾਂ ਕਰਦਾ ਨੀਂ,
ਇਸ ਗੱਲ 'ਤੇ ਜਹਾਨ ਸਾਰਾ ਮਰਦਾ ਨੀਂ,
ਬੈਠਾ ਕਾਲਜੇ ਨੂੰ ਫੜ, 'ਆਸੀ' ਵਾਲਾ 'ਅਨਪੜ੍ਹ',
ਜੱਟ ਫਿਰਦਾ ਹੱਥਾਂ ਦੇ ਵਿੱਚ ਆਇਆ,
ਬਿੱਲੋ ਨੀਂ ਤੇਰੇ ਗੋਰੇ ਰੰਗ ਨੇ,
ਸਾਰੇ ਪਿੰਡ ਵਿੱਚ ਗ਼ਦਰ ਮਚਾਇਆ।

ਪਿੰਡਾਂ ਵਿਚਲੇ ਭਾਨੀਮਾਰਾਂ ਤੇ ਚੁਗਲਖ਼ੋਰਾਂ ਨੂੰ ਆਸੀ ਨੇ ਵਧੀਆ ਢੰਗ ਨਾਲ ਬਿਆਨ ਕੀਤਾ। ਕਿਸੇ ਦਾ ਰਿਸ਼ਤਾ ਸਿਰੇ ਚੜ੍ਹਦਾ ਹੋਵੇ ਤਾਂ ਭਾਨੀਮਾਰ ਕਰਾਮਾਤ ਦਿਖਾ ਜਾਂਦੇ ਨੇ, ਸਿੱਟੇ ਵਜੋਂ ਛੜੇ ਦਾ ਵਿਆਹ ਵਾਲਾ ਸੁਪਨਾ ਸੁਪਨਾ ਰਹਿ ਜਾਂਦਾ ਹੈ। ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਅਵਾਜ਼ 'ਚ ਰਿਕਾਰਡ ਹੋਇਆ ਗੀਤ ਆਸੀ ਦੀ ਆਪਣੀ ਕਹਾਣੀ ਲੱਗਦੀ ਏ। ਰਣਜੀਤ ਕੌਰ ਕਹਿੰਦੀ :

ਜ'ਆਸੀ' ਵਿੱਚ ਤਾਂ ਪਹਿਲਾਂ ਤੋਂ ਦੱਸਦੇ,
ਭਾਨੀਮਾਰਾਂ ਦੇ ਵੱਗ ਵਸਦੇ,
ਜੁੜਦੇ ਰਿਸ਼ਤੇ ਤੋੜ ਕੇ ਹੱਸਦੇ,

ਕੋਈ ਆਦਤ ਪੂਰੀ ਕਰ ਚੱਲਿਆ,
ਕੋਈ ਭਾਨੀਮਾਰ ਦਿਓਰਾ ਵੇ,
ਤੇਰੀ ਫੱਟੀ ਪੋਚ ਕੇ ਧਰ ਚੱਲਿਆ।
ਅੱਗੋਂ ਸਦੀਕ ਜਵਾਬ ਦਿੰਦਾ :
ਕੀਹਦੇ ਸੱਪ ਦਮੂਹਾ ਲੜਿਆ,
ਭਾਨੀਮਾਰ ਜਾ ਕਿਹੜਾ ਵੜਿਆ,
ਕੱਢਦੇ ਭਾਬੀ ਗੱਡਾ ਅੜਿਆ,
ਬੀਤ ਨਹੀਂ 'ਅਨਪੜ੍ਹ' ਝੱਲਿਆ,
ਚੰਡੀਗੜ੍ਹ ਵਾਂਗੂੰ ਭਾਬੀ ਨੀਂ,
ਮੇਰੇ ਵਿਆਹ ਦਾ ਮਸਲਾ ਅੜ ਚੱਲਿਆ।

ਆਸੀ ਨੂੰ ਵਰਤਮਾਨ ਚੁਣੌਤੀਆਂ ਬਾਰੇ ਵੀ ਗਿਆਨ ਸੀ, ਏਸੇ ਕਰਕੇ ਉਸ ਨੇ ਸਰਕਾਰੀ ਨੀਤੀਆਂ ਨੂੰ ਗੀਤਾਂ ਦਾ ਵਿਸ਼ਾ ਬਣਾਇਆ। ਰੋਮਾਂਟਿਕ ਗੀਤ ਲਿਖਦਿਆਂ-ਲਿਖਦਿਆਂ ਕਿਵੇਂ ਭਖਵੇਂ ਮਸਲੇ ਦੀ ਉਦਾਹਰਣ ਦੇਣੀ ਹੈ, ਇਹ ਜੁਗਤ ਉਹ ਬਾਖੂਬੀ ਜਾਣਦਾ ਸੀ। ਉਸ ਨੇ ਕਈ ਧਾਰਮਿਕ ਗੀਤ ਵੀ ਲਿਖੇ। ਕੁਲਦੀਪ ਪਾਰਸ ਦੀ ਅਵਾਜ਼ 'ਚ ਰਿਕਾਰਡ ਹੋਇਆ ਉਸ ਦਾ ਗੀਤ, 'ਖ਼ੂਨ ਸ਼ਹੀਦਾਂ ਦਾ ਕਦੇ ਡੁੱਲਿਆ ਨਾ ਬਿਰਥਾ ਜਾਵੇ' ਇਸਦੀ ਮੂੰਹ ਬੋਲਦੀ ਉਦਾਹਰਣ ਹੈ।

ਅਜੈਬ ਰਾਏ-ਸੁਖਵੰਤ ਕੌਰ, ਕਰਤਾਰ ਰਮਲਾ ਤੇ ਕਈ ਹੋਰਾਂ ਨੇ ਆਸੀ ਦੇ ਗੀਤਾਂ ਨੂੰ ਅਵਾਜ਼ ਦਿੱਤੀ। ਆਸੀ ਨੇ ਆਖਰੀ ਸਾਲਾਂ 'ਚ ਕਲਮ ਛੱਡ ਦਿੱਤੀ ਤੇ ਇਸੇ ਗੱਲ ਦਾ ਹਰਨੇਕ ਸਿੰਘ ਉਰਫ਼ ਜਾਅਲੀ ਬਚਿੱਤਰ ਨੇ ਫ਼ਾਇਦਾ ਚੁੱਕ ਲਿਆ। ਬਚਿੱਤਰ ਸਿੰਘ ਆਸੀ ਨੂੰ ਗੀਤਕਾਰੀ ਦੀ ਦੁਨੀਆ 'ਚੋਂ ਅਣਡਿੱਠ ਨਹੀਂ ਕੀਤਾ ਜਾ ਸਕਦਾ।ਅੱਜ ਜਦੋਂ ਗੀਤਕਾਰ ਆਪਣੇ ਗੀਤ ਰਿਕਾਰਡ ਕਰਾਉਣ ਲਈ ਤਰਲੋਮੱਛੀ ਹੋ ਰਹੇ ਨੇ, ਜਾਇਜ਼-ਨਜਾਇਜ਼ ਢੰਗ ਅਪਣਾਉਣ ਲਈ ਕਾਹਲੇ ਨੇ, ਉਦੋਂ ਆਸੀ ਵਰਗੇ ਗੀਤਕਾਰਾਂ 'ਤੇ ਹੋਰ ਮਾਣ ਹੋਣ ਲੱਗਦੈ। ਆਸੀ ਦੀ ਕਲਮ ਨੂੰ ਸਲਾਮ ਕਰਨੀ ਬਣਦੀ ਹੈ ਤੇ ਉਸ ਦੀ ਯਾਦ ਤਾਜ਼ਾ ਰੱਖਣ ਲਈ ਉੱਦਮ ਹੋਣੇ ਚਾਹੀਦੇ ਨੇ।

# ਗੁਰਮੀਤ ਨਾਗਰਾ

## (1976-2008)

ਸੰਘਰਸ਼ ਦਾ ਰਾਹ ਜੇ ਸਫ਼ਲਤਾ ਤੱਕ ਪੁਚਾ ਦੇਵੇ ਤਾਂ ਔਖੇ ਦਿਨ ਭੁੱਲ ਜਾਂਦੇ ਨੇ। ਪਰ ਜੇ ਇਹੀ ਰਾਹ ਸ਼ਮਸ਼ਾਨ ਵੱਲ ਲੈ ਜਾਵੇ ਤਾਂ ਪਿੱਛੇ ਬਚੇ ਤੁਰ ਜਾਣ ਵਾਲੇ ਦੀ ਘਾਲਣਾ ਚੇਤੇ ਕਰ-ਕਰ ਹੰਝੂ ਵਹਾਉਂਦੇ ਰਹਿੰਦੇ ਨੇ। ਸੰਘਰਸ਼ ਬਾਰੇ ਬੜਾ ਕੁੱਝ ਲਿਖਿਆ ਗਿਐ, ਇਹ ਵੀ ਕਿ ਬਿਨਾਂ ਸੰਘਰਸ਼ ਮਿਲੀ ਸਫ਼ਲਤਾ 'ਹਰਾਮ' ਹੁੰਦੀ ਏ। ਇਹ ਵੀ ਸੱਚ ਹੈ ਕਿ ਅਣਗਿਣਤ ਲੋਕ ਜੱਦੋ-ਜਹਿਦ ਕਰਨ ਦੇ ਬਾਵਜੂਦ ਕਾਮਯਾਬੀ ਦਾ ਸਵਾਦ ਚੱਖੇ ਬਿਨਾਂ ਮੌਤ ਦੇ ਮੂੰਹ ਜਾ ਪੈਂਦੇ ਨੇ।

ਸੰਗੀਤ ਮੰਡੀ 'ਤੇ ਛਾਏ ਮਹਿੰਗਾਈ ਦੇ ਬੱਦਲਾਂ ਨੇ ਸਰੋਤਿਆਂ ਤੋਂ ਛੁੱਟ ਬਾਕੀ ਲੋਕਾਂ ਨੂੰ ਕਿਹੋ ਜਿਹਾ 'ਸਲ੍ਹਾਬਾ' ਚਾੜ੍ਹਿਆ ਹੋਇਐ, ਇਹਦੇ ਬਾਰੇ ਸਭ ਜਾਣਦੇ ਨੇ। ਪਰ ਸੁਣਨ ਵਾਲਿਆਂ ਤੱਕ ਇਹ ਜਾਣਕਾਰੀ ਬਹੁਤ ਘੱਟ ਅੱਪੜਦੀ ਹੈ ਕਿ ਉਨ੍ਹਾਂ ਦੀਆਂ ਅੱਖਾਂ ਦੇ ਤਾਰੇ ਬਣਨ ਦੇ ਚਾਹਵਾਨ ਕਿਹੜੇ-ਕਿਹੜੇ ਹਾਲਾਤਾਂ 'ਚੋਂ ਲੰਘ ਰਹੇ ਨੇ।

ਅੱਜ ਗੁਰਮੀਤ ਨਾਗਰਾ ਦਾ ਨਾਂਅ ਕਿਸੇ ਨੂੰ ਚੇਤੇ ਨਹੀਂ। ਪਿੰਡ ਵਾਸੀਆਂ ਜਾਂ ਦੁਆਬੀਆਂ ਦੇ ਛੋਟੇ ਜਿਹੇ ਹਿੱਸੇ ਨੂੰ ਹੀ ਪਤਾ ਹੋਵੇਗਾ ਕਿ ਉਹ ਚੰਗਾ ਗਵੱਈਆ, ਯਾਰਾਂ ਦਾ ਯਾਰ, ਹੱਸ ਕੇ ਮਿਲਣ ਵਾਲਾ ਤੇ ਵਧੀਆ ਪੇਸ਼ਕਾਰ ਸੀ, ਪਰ ਇਹ ਸੰਗੀਤ ਮੰਡੀ ਉਸ ਨੂੰ ਰਾਸ ਨਾ ਆਈ। ਜ਼ਾਲਮ ਮੰਡੀ 27 ਸਤੰਬਰ 2008 ਨੂੰ ਉਸ ਦੇ ਸਾਹ ਸੂਤ ਗਈ। ਜਿਹੜੇ ਸੁਪਨੇ ਲੈ ਉਹ ਗਵੱਈਆ ਬਣਨ ਨਿਕਲਿਆ ਸੀ, ਨਾ ਉਹ ਸੁਪਨੇ ਰਹੇ ਤੇ ਨਾ ਸੁਪਨੇ ਲੈਣ ਵਾਲੀਆਂ ਅੱਖਾਂ। ਉਹ ਵਕਤ ਦੀ ਐਸੀ ਘੁੰਮਣਘੇਰੀ ਵਿੱਚ ਫਸਿਆ ਕਿ ਮੌਤ ਹੀ ਉਸ ਦੀ ਆਖਰੀ ਮੰਜ਼ਲ ਹੋ ਨਿੱਬੜੀ।

ਜਲੰਧਰੋਂ ਥੋੜ੍ਹੀ ਦੂਰ ਵਸਦੇ ਪਿੰਡ ਕੋਹਾਲਾ 'ਚ 1976 ਦੀ 4 ਜਨਵਰੀ ਨੂੰ ਜਨਮੇ ਗੁਰਮੀਤ ਦਾ ਸਭ ਤੋਂ ਵੱਡਾ 'ਕਸੂਰ' ਇਹ ਸੀ ਕਿ ਉਹਨੇ ਉਹ ਖੇਤਰ ਚੁਣ ਲਿਆ, ਜਿਹੜਾ ਗ਼ਰੀਬਾਂ ਦੀ ਪਹੁੰਚ ਤੋਂ ਦੂਰ ਜਾ ਚੁੱਕੈ। ਉਹਨੂੰ ਆਪਣੀ ਕਲਾ 'ਤੇ ਮਾਣ ਸੀ, ਪਰ ਜਦੋਂ ਕਲਾ ਰੰਗੀਲੇ ਨੋਟਾਂ ਦੀ ਘਾਟ ਕਾਰਨ ਪਿੱਛੇ ਰਹਿੰਦੀ ਜਾਪੀ ਤਾਂ ਅਣਜਾਣਪੁਣੇ 'ਚ ਉਸ ਰਾਹ ਤੁਰ ਪਿਆ, ਜਿੱਥੇ ਸਿਵਾਏ ਠੋਕਰਾਂ ਤੋਂ ਕੁੱਝ ਨਹੀਂ ਮਿਲਦਾ। ਸਾਥੀ ਉਮੀਦ ਕਰਦੇ ਸਨ ਕਿ ਜਦੋਂ ਉਹ 'ਸੁਧਾਰ ਘਰ' 'ਚੋਂ ਬਾਹਰ ਆਵੇਗਾ

ਤਾਂ ਮੁੜ ਸੰਘਰਸ਼ ਦੀ ਗੱਡੀ ਦਾ ਸਵਾਰ ਬਣੇਗਾ, ਪਰ ਨਸੀਬ 'ਚ ਏਦਾਂ ਨਹੀਂ ਸੀ ਲਿਖਿਆ।

ਨਾਗਰੇ ਦੇ ਤੁਰ ਜਾਣ ਪਿਛੋਂ ਕਾਫੀ ਸਮੇਂ ਬਾਅਦ ਲਿਖਣ ਦਾ ਇੱਕੋ ਕਾਰਨ ਹੈ ਕਿ ਏਨਾ ਸਮਾਂ ਲੰਘਣ ਬਾਅਦ ਨਾ ਮੀਡੀਏ ਵੱਲੋਂ ਉਸ ਦੀ ਕਲਾ ਦਾ ਸਹੀ ਮੁਲਾਂਕਣ ਕੀਤਾ ਗਿਆ ਤੇ ਨਾ ਉਸ ਦੀ ਗ਼ਲਤੀ ਦੇ ਕਾਰਨਾਂ ਨੂੰ ਲੱਭਿਆ ਗਿਆ। ਜਦੋਂ ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਫੜਿਆ ਗਿਆ ਤਾਂ ਪੂਰੇ ਮੀਡੀਏ ਨੇ 'ਇੱਕ ਪੰਜਾਬੀ ਗਾਇਕ ਵੱਲੋਂ ਕੀਤੇ ਕਾਰੇ' ਦੀ ਖ਼ਬਰ ਪ੍ਰਮੁੱਖਤਾ ਨਾਲ ਛਾਪੀ ਸੀ। ਕਿਸੇ ਨੇ ਧਿਆਨ ਨਾ ਦਿੱਤਾ ਕਿ ਉਨ੍ਹਾਂ ਹਾਲਾਤਾਂ ਨੂੰ ਵੀ ਸਾਹਮਣੇ ਲਿਆਂਦਾ ਜਾਵੇ, ਜਿਨ੍ਹਾਂ ਕਰਕੇ ਉਹ ਇਸ ਰਾਹ ਤੁਰਿਆ। ਇੱਕ-ਦੋ ਅਖ਼ਬਾਰਾਂ 'ਚ ਤਿੰਨ ਕੁ ਸਤਰਾਂ ਦਿੱਤੀਆਂ ਸਨ ਕਿ ਅਗਲੀ ਕੈਸਿਟ ਦੇ ਖਰਚੇ ਲਈ ਉਹਨੇ ਇਹ ਸਭ ਕੀਤਾ।

ਜਦੋਂ ਉਹ ਨਾ ਰਿਹਾ ਤਾਂ ਮੁੜ ਖ਼ਬਰਾਂ ਛਪੀਆਂ, 'ਜੇਲ੍ਹ ਜਾਣ ਵਾਲੇ ਗਾਇਕ ਦੀ ਰਹੱਸਮਈ ਢੰਗ ਨਾਲ ਮੌਤ...।' ਮੁੜ ਅਣਜਾਣਪੁਣਾ ਦਿਖਾਇਆ ਗਿਆ ਤੇ ਗ਼ੌਰ ਨਾ ਕੀਤੀ ਕਿ ਜਦੋਂ ਉਸ ਦੇ ਪਰਿਵਾਰਕ ਮੈਂਬਰ ਕਹਿ ਰਹੇ ਨੇ ਕਿ ਇੱਕ-ਦੋ ਦਿਨ ਪਹਿਲਾਂ ਅਸੀਂ ਉਹਨੂੰ ਜੇਲ੍ਹ ਮਿਲ ਕੇ ਆਏ ਸਾਂ, ਉਦੋਂ ਉਹ ਨੌਂ-ਬਰ-ਨੌਂ ਸੀ, ਪਰ ਹੁਣ ਜੇਲ੍ਹ ਪ੍ਰਬੰਧਕ ਮੌਤ ਦਾ ਕਾਰਨ ਬਿਮਾਰੀ ਨਾਲ ਜੋੜ ਕੇ ਜ਼ਿੰਮੇਵਾਰੀ ਤੋਂ ਪੱਲਾ ਝਾੜ ਰਹੇ ਨੇ ਤਾਂ ਮਾਮਲੇ ਦੀ ਛਾਣਬੀਣ ਕੀਤੀ ਜਾਵੇ। ਪਹਿਲਾਂ ਖ਼ਬਰ ਫੈਲੀ ਕਿ ਨਾਗਰੇ ਨੇ ਕੁੱਝ ਖਾ ਲਿਐ ਤੇ ਫੇਰ ਗੱਲ ਉੱਡੀ ਕਿ ਉਹਨੂੰ ਕੁੱਝ ਖੁਆ ਦਿੱਤਾ ਗਿਐ।

ਦੋਹੇਂ ਗੱਲਾਂ ਜੇਲ੍ਹ ਪ੍ਰਬੰਧ ਦੇ ਉਲਟ ਜਾਂਦੀਆਂ ਸਨ। ਜੇ ਉਹਨੇ ਕੋਈ ਚੀਜ਼ ਖਾਧੀ ਤਾਂ ਉਹ ਜੇਲ੍ਹ 'ਚ ਕਿਵੇਂ ਪਹੁੰਚੀ ਤੇ ਜੇ ਖੁਆਈ ਗਈ ਤਾਂ 'ਸੁਧਾਰ ਘਰਾਂ' 'ਚ ਏਨਾ ਵਿਗਾੜ ਕਿਉਂ ਕਿ ਜੀਹਨੂੰ ਜੋ ਮਰਜ਼ੀ ਖੁਆ ਦਿਓ।

ਬਹੁਤ ਘੱਟ ਖ਼ਬਰਾਂ ਸਾਹਮਣੇ ਆਉਂਦੀਆਂ ਨੇ, ਜਿਨ੍ਹਾਂ ਦੀ ਛਾਣਬੀਣ ਲਈ ਮੀਡੀਆ ਉਚੇਚ ਕਰਦਾ ਹੈ। ਖ਼ਬਰ ਲਿਖਣੀ ਤੇ ਛਪਾਉਣੀ ਡਿਊਟੀ ਦਾ ਹਿੱਸਾ ਬਣ ਕੇ ਰਹਿ ਗਈ ਏ, ਉਸ ਪਿੱਛੇ ਲੁਕੇ ਕਾਰਨਾਂ ਵੱਲ ਧਿਆਨ ਦੇਣ ਦਾ ਕਿਸੇ ਕੋਲ ਵਕਤ ਨਹੀਂ। ਖ਼ਬਰ ਛਪਦੀ ਹੈ, ਲੋਕ ਪੜ੍ਹਦੇ ਨੇ ਤੇ ਕੁੱਝ ਦਿਨਾਂ ਬਾਅਦ ਸਭ ਖ਼ਤਮ ਹੋ ਜਾਂਦੈ। ਇਹੀ ਕੁੱਝ ਨਾਗਰੇ ਵਾਲੇ ਮਾਮਲੇ 'ਚ ਹੋਇਆ। ਜਿਹੜੇ ਲੇਖਕਾਂ ਨਾਗਰੇ ਦੀ 'ਤੇਰਾ ਨਖ਼ਰਾ' ਕੈਸਿਟ ਦੇ ਲੇਖ ਅਖ਼ਬਾਰਾਂ 'ਚ ਛਪਵਾਏ, ਉਨ੍ਹਾਂ 'ਚੋਂ ਵੀ ਕਿਸੇ ਨੇ ਪਰਦੇ ਪਿਛਲੀ ਵਿਥਿਆ ਸਮਝਣ ਦੀ ਕੋਸ਼ਿਸ਼ ਨਾ ਕੀਤੀ।

ਨਾਗਰੇ ਦੇ ਮਸਾਂ ਦਸ ਕੁ ਗੀਤ ਰਿਲੀਜ਼ ਹੋਏ, ਜਿਨ੍ਹਾਂ ਨੂੰ ਸੁਣਿਆਂ ਉਸ ਦੇ ਪ੍ਰਭਾਵਸ਼ਾਲੀ ਫੋਕ ਅੰਦਾਜ਼ ਬਾਰੇ ਗਿਆਨ ਹੋ ਜਾਂਦੈ। ਕੈਸਿਟ ਆਉਣ ਤੋਂ ਪਹਿਲਾਂ ਹੀ ਉਸ ਕੋਲ ਪ੍ਰੋਗਰਾਮਾਂ ਦੀ ਝੜੀ ਲੱਗ ਗਈ। ਉਹ ਜਿਹੜੇ ਮੇਲੇ 'ਚ ਗਾ ਆਉਂਦਾ, ਉਥੋਂ ਦੋ-ਤਿੰਨ ਪ੍ਰੋਗਰਾਮ ਹੋਰ ਨਿਕਲ ਆਉਂਦੇ। ਰੋਟੀ-ਟੁੱਕ ਚੱਲੀ ਜਾ ਰਿਹਾ ਸੀ, ਘਰ ਦੀ ਗੁਰਬਤ ਦੁਵੱਲਣ ਲਈ ਮਿਹਨਤ ਜਾਰੀ ਸੀ। ਪਲੇਠੀ ਕੈਸਿਟ 'ਤੇਰਾ ਨਖਰਾ' ਰਿਕਾਰਡ ਹੋਈ, ਵਧੀਆ ਵੀਡੀਓ ਬਣੇ ਤੇ ਚੈਨਲਾਂ 'ਤੇ ਸੋਹਣਾ ਪ੍ਰਚਾਰ ਹੋਇਆ। 'ਗਰਾਈਂਡ ਮਿਊਜ਼ਿਕ' ਵੱਲੋਂ ਚੰਗੀ ਪਬਲੀਸਿਟੀ ਕੀਤੀ ਗਈ, ਸੋ ਪ੍ਰੋਗਰਾਮਾਂ ਦੀ ਰਫ਼ਤਾਰ ਵਧਣੀ ਕੁਦਰਤੀ ਸੀ। ਪ੍ਰੋਗਰਾਮਾਂ ਦੀ ਗਿਣਤੀ ਵਾਂਗ ਪੈਰ ਮਿੱਧਣ ਵਾਲੇ ਵੀ ਵਧਦੇ ਜਾ ਰਹੇ ਸਨ। ਚੁੱਕਿਆ ਕਰਜ਼ਾ ਵਾਪਸ ਹੋਣ ਲੱਗਾ, ਪਰ ਨਵੀਂ ਕੈਸਿਟ ਲਈ ਮੁੜ ਲੱਖਾਂ ਰੁਪਿਆ ਚਾਹੀਦਾ ਸੀ। ਉਸ ਦਾ ਹੌਸਲਾ ਟੁੱਟਣ ਲੱਗਾ ਤੇ ਕਿਸੇ ਨੇ ਗ਼ਲਤ ਸਲਾਹ ਦੇ ਦਿੱਤੀ ਕਿ ਜੇ ਫ਼ਲਾਣਾ ਤਰੀਕਾ ਅਪਣਾ ਲਵੇਂ ਤਾਂ ਥੋੜ੍ਹੇ ਸਮੇਂ 'ਚ ਕੈਸਿਟ ਜੋਗੇ ਪੈਸੇ 'ਕੱਠੇ ਹੋ ਜਾਣਗੇ। ਜਦੋਂ ਉਹ ਉਸ ਰਾਹ ਪੈ ਗਿਆ ਤਾਂ ਪਹਿਲਾਂ ਜੇਲ੍ਹ ਨਸੀਬ ਹੋਈ, ਫੇਰ ਮੌਤ। ਪਿੱਛੇ ਵਿਲਕਦੇ ਮਾਂ-ਪਿਓ, ਭੈਣ-ਭਰਾ ਨਾਲੋਂ ਵੱਧ ਦੁੱਖ ਭਲਾ ਕੀਹਨੂੰ ਹੋ ਸਕਦਾ ਸੀ। ਮੰਡੀ ਨੂੰ ਕੁੱਝ ਦਿਨਾਂ ਲਈ ਅਫ਼ਸੋਸ ਹੋਇਆ, ਪਰਿਵਾਰ ਨਾਲ ਦੁੱਖ ਜਤਾਇਆ, ਜੀਹਤੋਂ ਪੈਸੇ ਲੈਣੇ ਸੀ, ਉਹ ਮੁੱਕਰ ਗਏ ਤੇ ਜੀਹਦੇ ਦੇਣੇ ਸੀ, ਉਨ੍ਹਾਂ ਦੁੱਗਣੇ ਬਣਾ ਲਏ।

ਨਾਗਰੇ ਦੀ 'ਤੇਰਾ ਨਖਰਾ' ਵਿਚਲੇ ਕਈ ਗੀਤ ਚਲੰਤ ਜਿਹੇ ਸਨ, ਪਰ ਕਈਆਂ ਵਿੱਚ ਉਹਨੇ ਦਿਲ ਛੂਹ ਲੈਣ ਵਾਲੀਆਂ ਗੱਲਾਂ ਕਹੀਆਂ। 'ਫ਼ਤਹਿ ਬੁਲਾਉਂਦੇ', 'ਗਲੀ 'ਚ ਗੇੜੀਆਂ', 'ਮੇਲਾ ਤੀਆਂ ਦਾ', 'ਸੋਹਣਾ ਯਾਰ', 'ਸ਼ਰਾਬੀ ਰਹਿਣਾ', 'ਕੁੱਝ ਗੱਲਾਂ ਕਰਕੇ', 'ਹਰ ਥਾਂ ਚੱਲਦੀ', 'ਨੱਚਣਾ ਜ਼ਰੂਰ' ਤੇ 'ਬੋਲੀਆਂ' ਜ਼ਰੀਏ ਉਸ ਨੇ ਸਥਾਪਤੀ ਵੱਲ ਕਦਮ ਵਧਾ ਲਿਆ। ਉਸ ਦੀ ਅਵਾਜ਼ 'ਚੋਂ ਰਿਆਜ਼ ਦਾ ਪ੍ਰਭਾਵ ਸਾਫ਼ ਝਲਕਦਾ ਸੀ। ਮਨਮੋਹਨ ਵਾਰਿਸ ਨਾਲ ਉਸ ਨੇ ਕਈ ਸਾਲ ਕੋਰਸ ਬੋਲਿਆ ਸੀ ਤੇ ਵਾਰਿਸ ਵਾਂਗ ਟਿਕਾ-ਟਿਕਾ ਸ਼ਬਦ ਬੋਲਣ ਲੱਗਾ ਸੀ। ਨਾਗਰੇ ਨੂੰ ਗਾਉਂਦਿਆਂ ਤੇ ਨੱਚਦਿਆਂ ਦੇਖ ਉਸ 'ਚੋਂ ਵਾਰਿਸ ਦਾ ਭੁਲੇਖਾ ਪੈ ਜਾਂਦਾ।

ਸੰਗੀਤ ਮੰਡੀ ਅੱਜ ਵੀ ਉਵੇਂ ਚੱਲ ਰਹੀ ਹੈ, ਜਿਵੇਂ ਨਾਗਰੇ ਦੇ ਜਿਊਂਦਿਆਂ ਚੱਲਦੀ ਸੀ। ਹਾਲਾਤ ਉਹੀ ਨੇ, ਪਰ ਭਲਕ ਨੂੰ ਵਾਰੀ ਕਿਸੇ ਹੋਰ ਦੀ ਆ ਸਕਦੀ ਹੈ। ਨਾਗਰੇ ਵਰਗੇ ਕਲਾਕਾਰਾਂ ਦਾ ਦੁਖਦਾਈ ਪੱਖ ਇਹੀ ਹੈ ਕਿ ਉਹ ਸੁਪਨੇ ਵੱਡੇ ਲੈ ਲੈਂਦੇ ਨੇ ਤੇ ਜਦੋਂ ਉਹ ਪੂਰੇ ਨਹੀਂ ਹੁੰਦੇ ਤਾਂ ਗ਼ਲਤ ਸਲਾਹਾਂ ਨੂੰ 'ਸਹੀ' ਸਮਝ ਬੈਠਦੇ

ਨੇ। ਸਲਾਹਕਾਰਾਂ ਦੀਆਂ ਚਤੁਰਾਈਆਂ ਤੋਂ ਅਣਜਾਣ ਨਾਗਰੇ ਵਰਗੇ ਪਤਾ ਨਹੀਂ ਕਿੰਨੇ ਕੁ ਕਲਾਵਾਨਾਂ ਦੀ ਗੱਡੀ ਕਾਮਯਾਬੀ ਦੀ ਲੀਹ 'ਤੇ ਚੜ੍ਹਨ ਤੋਂ ਪਹਿਲਾਂ ਹੀ ਖੂਹ-ਖਾਤੇ ਡਿੱਗ ਪਈ।

ਜੁਰਮ ਭਾਵੇਂ ਮਜਬੂਰੀ 'ਚ ਕੀਤਾ ਜਾਵੇ ਜਾਂ ਹੋਰ ਹਾਲਾਤ 'ਚ, ਨਾ ਧਾਰਾਵਾਂ ਬਦਲਦੀਆਂ ਨੇ, ਨਾ ਸਜ਼ਾਵਾਂ। ਨਾਗਰੇ ਵਰਗੇ ਅੱਧੀ ਦਰਜਨ ਕਲਾਕਾਰਾਂ ਦੀ ਸੂਚੀ ਸਾਡੇ ਸਾਹਮਣੇ ਹੈ, ਜਿਨ੍ਹਾਂ ਸੰਗੀਤ ਮੰਡੀ ਅੱਗੇ ਗੋਡੇ ਟੇਕ ਦਿੱਤੇ। ਕਿਸੇ ਵੇਲ਼ੇ ਪੰਜਾਬ ਦੇ ਇੱਕ ਕਲਾਕਾਰ ਨੇ ਸਿਰਫ਼ ਇਸ ਕਰਕੇ ਬੈਂਕ ਡਕੈਤੀ ਕੀਤੀ ਤਾਂ ਜੁ ਨਵੀਂ ਕੈਸਿਟ ਸਰੋਤਿਆਂ ਤੱਕ ਅੱਪੜਦੀ ਹੋ ਸਕੇ। ਇੱਕ ਹੋਰ ਕਲਾਕਾਰ ਨੇ ਅਗਵਾ ਕਾਂਡ ਨੂੰ ਇਸ ਕਰਕੇ ਅੰਜ਼ਾਮ ਦਿੱਤਾ ਸੀ, ਕਿਉਂਕਿ ਉਹਦੀ ਮਿੱਠੀ ਅਵਾਜ਼ ਪੈਸੇ ਦੀਆਂ ਪੁੱਤ ਕੰਪਨੀਆਂ ਨੂੰ ਨਿੰਮ ਵਰਗੀ ਕੌੜੀ ਜਾਪਦੀ ਸੀ। ਉਹਨੇ ਵੀ ਸਫ਼ਲਤਾ ਪ੍ਰਾਪਤੀ ਲਈ ਗ਼ਲਤ ਤਰਕੀਬ ਸੋਚ ਲਈ। ਨਵੇਂ ਕਾਂਡ ਨੂੰ ਜਨਮ ਦਿੱਤਾ ਤੇ ਅਖ਼ਬਾਰਾਂ 'ਚ ਕੈਸਿਟ ਰਿਲੀਜ਼ ਦੀ ਥਾਂ ਉਸ ਨੂੰ ਪੁਲਸ ਵੱਲੋਂ ਦਬੋਚਣ ਦੀਆਂ ਖ਼ਬਰਾਂ ਨਸ਼ਰ ਹੋਈਆਂ ਸਨ।

ਮਾੜੇ ਕੰਮ ਦਾ ਨਤੀਜਾ ਮਾੜਾ ਨਿਕਲਦੈ, ਪਰ ਗੰਭੀਰਤਾ ਨਾਲ ਸੋਚਣਾ ਬਣਦੈ ਕਿ ਕਲਾਵਾਨਾਂ ਨੂੰ ਮਾੜੇ ਕੰਮਾਂ ਵੱਲ ਜਾਣ ਲਈ ਮਜਬੂਰ ਕੌਣ ਕਰ ਰਿਹੈ ? ਕੀ ਇਸ ਸਭ ਕਾਸੇ ਲਈ ਸਿਰਫ਼ ਉਹੀ ਦੋਸ਼ੀ ਨੇ, ਕੰਪਨੀਆਂ ਤੇ ਚੈਨਲਾਂ ਵਾਲੇ ਨਹੀਂ ? ਗ਼ਲਤ ਲੋਕਾਂ ਦੇ ਹੱਥ ਚੜ੍ਹ 'ਬਾਗ਼ੀ' ਹੋਈ ਸੰਗੀਤ ਮੰਡੀ ਇਸ ਸਭ ਲਈ ਜ਼ਿੰਮੇਵਾਰ ਨਹੀਂ ?

ਦੁੱਖ ਹੈ ਕਿ ਇਸ ਸਭ ਬਾਬਤ ਸੋਚਣ ਦੀ ਕਿਸੇ ਕੋਲ ਵਿਹਲ ਨਹੀਂ। ਪੰਜਾਬ ਵਿਚਲੇ ਸੁਰੀਲੇ ਕਲਾਕਾਰਾਂ ਦੀ ਜਮਾਤ ਘਰ ਬੈਠੀ ਹੈ ਤੇ ਉਹ ਆਪਣੇ ਨਿਆਣਿਆਂ ਨੂੰ ਇਸ ਖੇਤਰ 'ਚ ਆਉਣ ਤੋਂ ਵੀ ਵਰਜ ਰਹੇ ਨੇ। ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਨਿਆਣੇ ਅਜਿਹਾ ਕਦਮ ਚੁੱਕ ਬੈਠਣ, ਜਿਸ ਕਰਕੇ ਉਨ੍ਹਾਂ ਦਾ ਹਾਲ ਨਾਗਰੇ ਵਾਲਾ ਹੋਵੇ। ਉਨ੍ਹਾਂ ਨੂੰ ਗੁਰਮੀਤ ਵਰਗਿਆਂ ਨਾਲ ਹਮਦਰਦੀ ਹੈ, ਪਰ ਉਹ ਕਰ ਵੀ ਕੀ ਸਕਦੇ ਨੇ ?

ਪੁਲਿਸ ਵੀ ਜਾਣਦੀ ਹੈ ਤੇ ਮੀਡੀਆ ਵੀ ਕਿ ਇਹੋ ਜਿਹੀਆਂ ਵਾਰਦਾਤਾਂ ਕਿਉਂ ਵਾਪਰਦੀਆਂ ਨੇ ? ਚੰਗਾ ਬੰਦਾ ਇਕਦਮ ਮਾੜਾ ਬਣ ਕੇ ਸਾਹਮਣੇ ਕਿਉਂ ਆ ਜਾਂਦੈ ? 'ਸਾਬਾਸ਼' ਦੀ ਥਾਂ ਝੋਲੀ 'ਥੂਹ-ਥੂਹ' ਨਾਲ ਕਿਉਂ ਭਰ ਜਾਂਦੀ ਹੈ ? ਗੱਲ ਸਿਰਫ਼ ਇੱਕ ਨਾਗਰੇ ਦੀ ਨਹੀਂ, ਉਨ੍ਹਾਂ ਦਰਜਨਾਂ ਨਾਗਰਿਆਂ ਦੀ ਹੈ, ਜਿਹੜੇ ਅੱਗੇ ਵਧਣ ਬਾਰੇ ਸੋਚਦੇ ਨੇ ਤਾਂ ਗ਼ਲਤ ਲੋਕ ਉਨ੍ਹਾਂ ਦੇ ਸਵਾਗਤ ਲਈ ਖੜ੍ਹੇ ਮਿਲਦੇ ਨੇ

ਤੇ ਜੇ ਪਿੱਛੇ ਹਟਦੇ ਨੇ ਤਾਂ ਜਗ ਦੀਆਂ ਟਿੱਚਰਾਂ ਜਿਊਣ ਜੋਗੇ ਨਹੀਂ ਛੱਡਦੀਆਂ। ਉਨ੍ਹਾਂ ਦੀਆਂ ਖਾਹਿਸ਼ਾਂ ਗਿੱਲੇ ਗੋਹੇ ਵਾਂਗ ਧੁਖ ਰਹੀਆਂ ਨੇ, ਕਲਾ ਦੀ ਦੇਵੀ 'ਤੇ ਉਨ੍ਹਾਂ ਦਾ ਭਰੋਸਾ ਨਹੀਂ ਰਿਹਾ ਤੇ ਸੰਘਰਸ਼ ਉਨ੍ਹਾਂ ਦੇ ਸੁਪਨਿਆਂ ਨੂੰ ਖੰਭ ਲਾਉਂਦਾ ਨਹੀਂ ਦਿਸਦਾ।

ਨਾਗਰੇ ਵਰਗਿਆਂ ਦੇ ਉੱਚੇ ਸੁਪਨਿਆਂ ਨੂੰ ਸਲਾਮ ਕਰਨੀ ਬਣਦੀ ਹੈ ਤੇ ਸੁਪਨੇ ਪੂਰੇ ਕਰਨ ਲਈ ਚੁੱਕੇ ਗ਼ਲਤ ਕਦਮਾਂ 'ਤੇ ਗੰਭੀਰਤਾ ਨਾਲ ਚਿੰਤਨ ਕਰਨਾ ਚਾਹੀਦਾ ਹੈ।

# ਸੋਨੀ ਪਾਬਲਾ

(1976-2006)

ਛਮਕ ਵਰਗੇ ਸਰੀਰ ਦੇ ਮਾਲਕ, ਮਿੱਠ ਬੋਲੜੇ, ਵੱਡਿਆਂ ਦੀ ਇੱਜ਼ਤ ਕਰਨ ਤੇ ਆਪਣੀ ਜੰਮਣ ਭੋਇੰ ਲਈ ਤੜਫ਼ ਰੱਖਣ ਵਾਲੇ ਸੋਨੀ ਪਾਬਲਾ ਨੂੰ ਜ਼ਿੰਦਗੀ ਦੀਆਂ ਬਹੁਤੀਆਂ ਬਹਾਰਾਂ ਮਾਨਣ ਦਾ ਮੌਕਾ ਨਾ ਮਿਲਿਆ। ਉਸ ਨਾਲ ਉਸ ਦੀਵੇ ਵਾਲੀ ਹੋਈ, ਜਿਹੜਾ ਇਕਦਮ ਲਟ-ਲਟ ਬਲਦੈ, ਪਰ ਅਗਲੇ ਪਲ ਸਾਰਾ ਤੇਲ ਮੁੱਕ ਜਾਂਦੈ। ਦੂਜੇ ਸ਼ਬਦਾਂ 'ਚ ਉਸ ਦੀ ਹੋਣੀ ਵੀ ਸ਼ਿਵ ਨਾਲ ਜੋੜ ਕੇ ਦੇਖੀ ਜਾ ਸਕਦੀ ਹੈ, ਉਹਦੇ ਵਾਂਗ ਉਹ ਵੀ ਜੋਬਨ ਰੁੱਤੇ ਤੁਰ ਗਿਆ ਤੇ ਸਾਡੇ ਪੱਲੇ ਛੱਡ ਗਿਆ ਯਾਦਾਂ ਦਾ ਖ਼ਜ਼ਾਨਾ। ਬਟਾਲਵੀ ਨੇ ਜੋਬਨ ਰੁੱਤੇ ਮਰਨ ਵਾਲਿਆਂ ਦੇ ਫੁੱਲ ਜਾਂ ਤਾਰਾ ਬਣਨ ਬਾਰੇ ਲਿਖਿਆ ਸੀ, ਤੇ ਸੋਨੀ ਛੋਟੀ ਉਮਰੇ ਸੰਗੀਤ ਪ੍ਰੇਮੀਆਂ ਦੀਆਂ ਅੱਖਾਂ ਦਾ ਜਿਸ ਕਦਰ ਤਾਰਾ ਬਣਿਆ, ਉਸ ਦਾ ਥੋੜ੍ਹਾ-ਬਹੁਤ ਚਾਨਣ ਹਾਲੇ ਵੀ ਬਰਕਰਾਰ ਹੈ।

ਸੰਗੀਤਕ ਸੂਝ ਰੱਖਣ ਵਾਲੇ ਲੋਕਾਂ ਨੂੰ ਸੋਨੀ ਬਾਰੇ ਗੱਲਾਂ ਕਰਦੇ ਅਕਸਰ ਸੁਣੀਂਦੈ, 'ਉਹ ਜਿਊਂਦਾ ਰਹਿੰਦਾ ਤਾਂ ਹੁਣ ਨੂੰ ਸਟਾਰ ਬਣਿਆ ਹੁੰਦਾ', ਕੋਈ ਆਖਦੈ, 'ਹੁਣ ਤੱਕ ਉਸ ਕੋਲ ਖ਼ੂਬ ਪ੍ਰੋਗਰਾਮ ਹੁੰਦੇ', ਕੋਈ ਕਹਿੰਦੈ, 'ਉਹ ਜਿੰਨਾ ਸੋਹਣਾ ਸੀ, ਉਸ ਹਿਸਾਬ ਨਾਲ ਪੰਜਾਬੀ ਫ਼ਿਲਮਾਂ ਦਾ ਹੀਰੋ ਬਣ ਜਾਂਦਾ...।' ਹੁਣ ਇਹ ਗੱਲਾਂ ਸਿਰਫ਼ ਗੱਲਾਂ ਨੇ, ਸਾਡੇ ਕੋਲ ਜਾਂ ਤਾਂ ਉਸਦੀਆਂ ਫੋਟੋਆਂ ਬਚੀਆਂ ਨੇ ਤੇ ਜਾਂ ਉਹ ਗੀਤ, ਜਿਨ੍ਹਾਂ ਨੂੰ ਉਸ ਦੇ ਕੰਠ ਦਾ ਸਾਥ ਮਿਲਿਆ।

ਸੋਨੀ ਪਾਬਲਾ ਤੋਂ ਸਭ ਨੂੰ ਵੱਡੀਆਂ ਆਸਾਂ ਸਨ, ਕਿਉਂਕਿ ਪੰਜਾਬ ਦਾ ਜੰਮਿਆ-ਜਾਇਆ ਹੋਣ ਕਰਕੇ ਉਸ ਨੂੰ ਬੋਲਾਂ ਦੀ ਪਛਾਣ ਸੀ ਤੇ ਵਿਦੇਸ਼ ਰਹਿੰਦਾ ਹੋਣ ਕਰਕੇ ਸੰਗੀਤ ਦੇ ਨਵੇਂ-ਨਵੇਂ ਤਜਰਬਿਆਂ ਬਾਰੇ ਗਿਆਨ ਸੀ। ਲੰਮੀ ਉਡਾਰੀ ਖ਼ਾਤਰ ਉਹ ਨਵੇਂ ਦੌਰ ਦੇ ਚਰਚਿਤ ਸੰਗੀਤਕਾਰ ਸੁਖਸ਼ਿੰਦਰ ਸ਼ਿੰਦਾ ਨਾਲ ਜੁੜ ਕੇ ਕੰਮ ਕਰਨ ਲੱਗਾ। ਸ਼ਿੰਦੇ ਦੇ ਸੰਗੀਤ 'ਚ ਉਸ ਦੀ ਪਛਾਣ ਪੱਕੀ ਹੋਣ ਲੱਗੀ, ਪਰ ਜਦੋਂ ਪਛਾਣ ਦਾ ਫ਼ਾਇਦਾ ਹੋਣ ਲੱਗਾ, ਕੁਦਰਤ ਨੇ ਉਸ ਦੇ ਸਾਹਾਂ ਨੂੰ ਤੁਣਕਾ ਮਾਰ ਦਿੱਤਾ।

ਅਮਰ ਸਿੰਘ ਚਮਕੀਲਾ ਤੇ ਦਿਲਸ਼ਾਦ ਅਖ਼ਤਰ ਤੋਂ ਬਾਅਦ ਸ਼ਾਇਦ ਸੋਨੀ

ਹੀ ਅਜਿਹਾ ਕਲਾਕਾਰ ਹੈ, ਜਿਸ ਨੂੰ ਮੌਤ ਵਰਗੀ ਭਿਆਨਕ ਸੱਚਾਈ ਦਾ ਸਾਹਮਣਾ ਸਟੇਜ 'ਤੇ ਹੀ ਕਰਨਾ ਪਿਆ। ਵੱਖਰੀ ਗੱਲ ਹੈ ਕਿ ਚਮਕੀਲਾ ਤੇ ਦਿਲਸ਼ਾਦ ਮੂਰਖਮੱਤਿਆਂ ਦੀਆਂ ਗੋਲੀਆਂ ਦੇ ਸ਼ਿਕਾਰ ਹੋ ਗਏ, ਪਰ ਸੋਨੀ ਪਾਬਲਾ ਗਾਉਂਦਾ-ਗਾਉਂਦਾ ਦਿਲ ਦੇ ਦੌਰੇ ਕਾਰਨ ਇਹ ਜਹਾਨ ਛੱਡ ਗਿਆ।

ਕਿਸੇ ਨੂੰ ਯਕੀਨ ਨਹੀਂ ਸੀ ਆਇਆ ਕਿ ਕਲਾਕਾਰ ਚੰਗਾ-ਭਲਾ ਗਾ ਰਿਹਾ ਹੋਵੇ, ਇਕਦਮ ਘਬਰਾਹਟ ਹੋਵੇ, ਪਾਣੀ ਪੀਣ ਲਈ ਸਟੇਜ ਦੇ ਪਿਛਲੇ ਪਾਸੇ ਜਾਵੇ, ਉਥੇ ਬੇਹੋਸ਼ ਹੋ ਕੇ ਡਿੱਗ ਪਵੇ ਤੇ ਹਸਪਤਾਲ ਲਿਜਾਂਦਿਆਂ ਰਾਹ 'ਚ ਦਮ ਤੋੜ ਜਾਵੇ। ਪਰ ਹੈ ਇਹ ਵਾਕਿਆ ਬਿਲਕੁਲ ਸਹੀ। ਕਨੇਡਾ ਦੇ ਸ਼ਹਿਰ ਓਂਟਾਰੀਓ 'ਚ 14 ਅਕਤੂਬਰ 2006 ਨੂੰ 'ਪਟਿਆਲਾ ਨਾਈਟ' ਮੌਕੇ ਉਹ ਗਾ ਰਿਹਾ ਸੀ। ਘਬਰਾਹਟ ਹੋਣ 'ਤੇ ਪਾਣੀ ਵੱਲ ਵਧਿਆ, ਦੌਰਾ ਪੈਣ 'ਤੇ ਜਦੋਂ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਰਾਸਤੇ 'ਚ ਉਸ ਦੀ ਮੌਤ ਹੋ ਗਈ। ਉਸ ਦਾ ਗਾਇਕੀ ਪ੍ਰੇਮ ਸਟੇਜ ਤੋਂ ਹਸਪਤਾਲ ਜਾਂਦਿਆਂ ਰਾਹ 'ਚ ਹੀ ਮੁੱਕ ਗਿਆ।

ਸੋਨੀ ਪਾਬਲਾ ਦੀ ਮੌਤ ਦੀ ਖ਼ਬਰ ਸਭ ਤੋਂ ਪਹਿਲਾਂ ਸੰਗੀਤ ਮੰਡੀ ਨਾਲ ਜੁੜੇ ਲੋਕਾਂ ਤੱਕ ਅੱਪੜੀ। ਆਮ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਕਾਫੀ ਦੇਰ ਬਾਅਦ ਮਿਲੀ, ਉਹ ਵੀ ਇੱਕ-ਦੂਜੇ ਕੋਲੋਂ ਹੀ। ਸੋਨੀ ਹਾਲੇ ਉੱਭਰ ਰਿਹਾ ਸੀ, ਇਸ ਕਰਕੇ ਮੀਡੀਏ ਨੂੰ ਉਸ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ। ਸ਼ਾਇਦ ਏਸੇ ਕਰਕੇ ਉਸ ਦੀ ਮੌਤ ਦੀਆਂ ਖ਼ਬਰਾਂ ਬਹੁਤੇ ਥਾਂਈਂ ਦੇਖਣ/ਸੁਣਨ ਨੂੰ ਨਾ ਮਿਲੀਆਂ।

ਸੋਨੀ ਨਾਲ ਮੇਲ ਦਾ ਸਬੱਬ ਇੱਕ ਵਾਰ ਬਣਦਾ-ਬਣਦਾ ਰਹਿ ਗਿਆ। ਉਸ ਦਾ ਗੀਤ 'ਪੈਰਾਂ 'ਚ ਪੰਜੇਬ ਯਾਰ ਦੀ ਵੇਹੜਾ ਸੁੰਭਰਾਂ ਤਾਂ ਛਣਕ ਪਵੇ' ਚਰਚਾ 'ਚ ਆਇਆ ਤਾਂ ਚਾਹ ਦੀਆਂ ਚੁਸਕੀਆਂ ਲਈ ਵਕਤ ਤੈਅ ਹੋਇਆ। ਪਰ ਜ਼ਰੂਰੀ ਕੰਮ ਪੈਣ ਕਾਰਨ ਮੈਂ ਮਿਲਣੋਂ ਖੁੰਝ ਗਿਆ, ਜਿਸਦਾ ਅਫ਼ਸੋਸ ਅੱਜ ਵੀ ਅੰਦਰੇ ਨੂੰ ਕੁਰੇਦਦਾ ਰਹਿੰਦਾ ਹੈ। ਜਦੋਂ ਸੋਨੀ ਦੀ ਮੌਤ ਹੋਈ, ਉਨ੍ਹੀਂ ਦਿਨੀਂ ਉਹ ਨਵੀਂ ਕੈਸਿਟ ਦੀ ਤਿਆਰੀ ਸ਼ਿੰਦੇ ਕੋਲ ਹੀ ਕਰ ਰਿਹਾ ਸੀ। ਕੁੱਝ ਗੀਤਾਂ ਦੀ ਰਿਕਾਰਡਿੰਗ ਹੋ ਚੁੱਕੀ ਸੀ ਤੇ ਕੁੱਝ ਦੀ ਬਾਕੀ ਸੀ। ਨਵੀਂ ਕੈਸਿਟ ਕਿਵੇਂ ਰਿਲੀਜ਼ ਕਰਨੀ ਹੈ, ਵੀਡੀਓ ਕਿਹੋ ਜਿਹੇ ਹੋਣ, ਰਾਇਆਂ ਬਣ ਰਹੀਆਂ ਸਨ। 'ਪਲੈਨੈਟ ਰਿਕਾਰਡਜ਼' ਵਾਲਾ ਸਰਬਜੀਤ ਸਰੋਆ ਉਸ ਦਾ ਪੱਕਾ ਸਾਥੀ ਸੀ ਤੇ ਉਹੀ ਉਸ ਦੀ ਅਗਵਾਈ ਕਰ ਰਿਹਾ ਸੀ।

ਸੋਨੀ ਦਾ ਪੂਰਾ ਨਾਂਅ ਤੇਜਵਿੰਦਰ ਸਿੰਘ ਪਾਬਲਾ ਸੀ। ਜਨਮ ਉਸ ਦਾ 29 ਜੂਨ 1976 ਨੂੰ ਹੁਸ਼ਿਆਪੁਰ ਜ਼ਿਲ੍ਹੇ ਦੇ ਪਿੰਡ ਬਿਲਾਸਪੁਰ 'ਚ ਹੋਇਆ। ਪਿੰਡ ਦੀਆਂ

ਗਲੀਆਂ 'ਚ ਉਸ ਦਾ ਬਚਪਨ ਬੀਤਿਆ, ਲੁਕਣ ਮੀਟੀਆਂ ਖੇਡਿਆ, ਸ਼ਰਾਰਤਾਂ ਕੀਤੀਆਂ। ਨਿਆਣੀ ਉਮਰੇ ਉਹਨੂੰ ਗਾਉਣ ਦਾ ਸ਼ੌਂਕ ਪੈ ਗਿਆ, ਜਿਸਨੇ ਕਨੇਡਾ ਤੱਕ ਉਸ ਦਾ ਪਿੱਛਾ ਕੀਤਾ। 1990 ਦੇ ਨੇੜੇ-ਤੇੜੇ ਉਹ ਟੋਰਾਂਟੋ ਚਲਾ ਗਿਆ। ਉਥੇ ਮਹੇਸ਼ ਮਲਵਾਨੀ, ਜਿਹੜੇ ਸੰਗੀਤ ਸੂਝ ਦੇ ਧਨੀ ਨੇ, ਹੁਰਾਂ ਦੇ ਸੰਪਰਕ 'ਚ ਆਇਆ। ਉਨ੍ਹਾਂ ਕੋਲੋਂ ਸਿੱਖਣਾ ਸ਼ੁਰੂ ਕੀਤਾ ਤੇ ਹੌਲੀ-ਹੌਲੀ ਖਰਾ ਸੋਨਾ ਬਣਨ ਲੱਗਾ। 2002 'ਚ ਉਸ ਦੀ ਪਲੇਠੀ ਕੈਸਿਟ 'ਹੀਰੇ ਹੀਰੇ' ਆਈ, ਜੋ ਠੀਕ-ਠਾਕ ਰਹੀ, ਪਰ ਬਾਅਦ ਵਾਲੀ ਜਿਹੜੀ 2004 'ਚ ਰਿਲੀਜ਼ ਹੋਈ, ਦਾ ਸੰਗੀਤ ਸੁਖਸ਼ਿੰਦਰ ਸ਼ਿੰਦਾ ਨੇ ਤਿਆਰ ਕੀਤਾ। ਸ਼ਿੰਦਾ ਵੀਡੀਓ 'ਚ ਉਸ ਨਾਲ ਖੁਦ ਵੀ ਸੀ, ਸੋ ਸੋਨੀ ਨੂੰ ਉਹ ਮੁਕਾਮ ਮਿਲਣਾ ਸ਼ੁਰੂ ਹੋ ਗਿਆ, ਜਿਸਦੇ ਸੁਪਨੇ ਹਰ ਕਲਾਕਾਰ ਲੈਂਦੈ। ਪੰਜਾਬ 'ਚ ਕੈਸਿਟ 'ਗੱਲ ਦਿਲ ਦੀ' ਟਾਈਟਲ ਹੇਠ 'ਵਲੌਸਟੀ ਰਿਕਾਰਡਜ਼' ਵੱਲੋਂ ਰਿਲੀਜ਼ ਕੀਤੀ ਗਈ। ਸਾਲ ਕੁ ਬਾਅਦ ਉਸ ਦੀ ਇੱਕ ਹੋਰ ਕੈਸਿਟ 'ਦਿਲ ਤੇਰਾ' ਰਿਲੀਜ਼ ਹੋਈ।

ਸੋਨੀ ਦੀ ਆਖ਼ਰੀ ਕੈਸਿਟ ਮੌਤ ਪਿੱਛੋਂ ਰਿਲੀਜ਼ ਹੋਈ। ਇਹ ਉਸ ਨੂੰ ਸ਼ਰਧਾਂਜਲੀ ਸੀ, ਉਨ੍ਹਾਂ ਯਾਰਾਂ-ਬੇਲੀਆਂ ਵੱਲੋਂ, ਜਿਨ੍ਹਾਂ ਉਸ ਨੂੰ ਕਾਮਯਾਬ ਕਰਨ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕੀ ਸੀ। ਕੈਸਿਟ ਦਾ ਜਿਹੜਾ ਵੀਡੀਓ ਚੈਨਲਾਂ 'ਤੇ ਚੱਲਿਆ, ਉਸ ਵਿੱਚ ਉਸ ਦੇ ਗਾਉਂਦਿਆਂ ਤੇ ਨੱਚਦਿਆਂ ਦੀਆਂ ਫੋਟੋਆਂ ਦਿਖਾਈਆਂ ਗਈਆਂ। ਇੰਜ ਲੱਗਦਾ ਸੀ ਜਿਵੇਂ ਫੋਟੋਆਂ ਹੁਣੇ ਬੋਲਣ ਲੱਗਣਗੀਆਂ। ਕਹਿਣਗੀਆਂ, 'ਮੇਰੇ ਹਿੱਲਦੇ ਬੁੱਲ੍ਹਾਂ ਤੇ ਚੱਲਦੇ ਹੱਥਾਂ-ਪੈਰਾਂ ਦੇ ਸ਼ਾਟ ਕਿਉਂ ਨਹੀਂ ਲੈ ਰਹੇ।'

ਸੋਨੀ ਦੇ ਵੀਹ ਕੁ ਗੀਤਾਂ ਨੂੰ ਵਾਰ-ਵਾਰ ਸੁਣਿਆਂ ਪਤਾ ਲੱਗਦੈ ਕਿ ਉਸ ਨੂੰ ਨੌਜਵਾਨ ਵਰਗ ਦੀ ਨਬਜ਼ ਫੜਨੀ ਆਉਂਦੀ ਸੀ। ਉਹ ਜਾਣਦਾ ਸੀ ਕਿ ਦੇਸੀ ਬੋਲਾਂ ਨੂੰ ਜਦੋਂ ਵਿਦੇਸ਼ੀ ਸੰਗੀਤ ਦਾ ਤੁੜਕਾ ਲੱਗਦੈ ਤਾਂ ਕਲਾਕਾਰ ਦੀ ਤੂਤੀ ਪੰਜਾਬ, ਇੰਗਲੈਂਡ, ਕਨੇਡਾ, ਅਮਰੀਕਾ 'ਚ ਬਰਾਬਰ ਬੋਲਦੀ ਹੈ। ਉਸ ਦੀਆਂ ਨਵੀਆਂ ਤਰਜ਼ਾਂ ਤੇ ਗੀਤਾਂ ਦੇ ਵਿਲੱਖਣ ਬੋਲ ਸੀ.ਡੀ. ਖਰੀਦਣ ਵਾਲੇ ਦੇ ਪੈਸੇ ਪੂਰੇ ਕਰ ਜਾਂਦੇ। ਜਦੋਂ ਉਸ ਦੀ 'ਗੱਲ ਦਿਲ ਦੀ' ਕੈਸਿਟ ਆਈ ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਖੁਦ ਸੰਗੀਤ ਪ੍ਰੇਮੀਆਂ ਨੂੰ ਗੱਲਾਂ ਕਰਦੇ ਸੁਣਿਆ, 'ਮੁੰਡਾ ਨਵਾਂ ਐ...ਪਰ ਅਵਾਜ਼ ਟੱਲੀ ਵਰਗੀ ਐ...ਇਹਨੂੰ ਪਤੈ ਕਿ ਪੰਜਾਬ 'ਚ ਕਾਮਯਾਬ ਕਿਵੇਂ ਹੋਇਆ ਜਾਂਦੈ...ਭਵਿੱਖ ਦਾ ਵੱਡਾ ਗਵੱਈਆ ਬਣੂ ਇਹ...।'

ਸੁਰੀਲਾ ਹੋਣ ਦੇ ਨਾਲ-ਨਾਲ ਸੋਨੀ ਕਲਮ ਦਾ ਧਨੀ ਵੀ ਸੀ। ਉਸ ਨੇ ਜ਼ਿਆਦਾਤਰ ਗੀਤ ਖੁਦ ਲਿਖੇ। 'ਉਹ ਕੁੜੀ ਮੁੱਕਰ ਗਈ' ਤੇ 'ਦਿਲ ਤੇਰਾ ਵੀ ਡਰਦਾ' ਗੀਤ ਉਸੇ ਦੀ ਸੋਚ ਦਾ ਨਮੂਨਾ ਹਨ। ਮਾਰਕੀਟ ਦੇ ਲਿਹਾਜ਼ ਨਾਲ ਲਿਖੇ ਤੇ ਗਾਏ ਉਸ ਦੇ ਗੀਤਾਂ 'ਤੇ ਸਫ਼ਲਤਾ ਦੀ ਕਿੰਨੀ ਵੱਡੀ ਮੋਹਰ ਲੱਗੀ, ਇਸ ਬਾਰੇ ਅੱਜ ਵੀ ਕੈਸਿਟਾਂ ਵੇਚਣ ਵਾਲੇ ਡੀਲਰਾਂ ਨੂੰ ਪੁੱਛਿਆ ਜਾ ਸਕਦੈ।

ਵੇਖਣ ਲਈ ਕੁੱਝ ਹੋਰ ਹੋਰ ਏ,
ਦਿਲ ਵਿੱਚ ਉਹਦੇ ਚੋਰ ਚੋਰ ਏ,
ਜੀਹਨੂੰ ਤੱਕ ਕੇ ਦਿਲ ਨਾ ਮੇਰਾ।
ਥੱਕਿਆ ਹੌਕੇ ਭਰਕੇ,
ਉਹ ਕੁੜੀ ਮੁੱਕਰ ਗਈ,
ਮੁਲਾਕਾਤ ਦਾ ਵਾਅਦਾ ਕਰਕੇ।

ਇਸ ਗੀਤ ਵਿੱਚ ਉਸ ਨੇ ਸਥਾਈ ਦੀ ਪਹਿਲੀ ਤੇ ਦੂਜੀ ਸਤਰ ਵਿੱਚ ਇੱਕ ਸ਼ਬਦ ਨੂੰ ਦੋ-ਦੋ ਵਾਰ ਪੇਸ਼ ਕਰਕੇ ਰਸਦਾਇਕ ਬਣਾਇਆ। ਉੱਪਰੋਂ ਤਰਜ਼ ਏਨੀ ਪਿਆਰੀ ਕਿ ਮਨ ਆਪ ਮੁਹਾਰੇ ਨੱਚਣ ਨੂੰ ਕਰਨ ਲੱਗਦਾ।

'ਨਰਾਜ਼ਗੀ' ਗੀਤ ਵਿੱਚ ਉਸ ਨੇ ਸ਼ਰਮਾਕਲ ਪ੍ਰੇਮਿਕਾ ਦੀ ਗੱਲ ਖ਼ੂਬਸੂਰਤ ਅੰਦਾਜ਼ 'ਚ ਕੀਤੀ। ਨੀਵੀਂ ਪਾਈ ਰੱਖਣੀ, ਹਾਸੇ ਨੂੰ ਬੁੱਲ੍ਹੀਆਂ 'ਚ ਕੈਦ ਕਰਨ ਦੀ ਅਦਾ, ਮੱਥੇ 'ਤੇ ਝੂਠੀ-ਮੂਠੀ ਤਿਊੜੀ ਤੇ ਅੱਖਾਂ ਨਾਲ ਗੁੱਸਾ ਜ਼ਾਹਰ ਕਰਨ ਦੇ ਅੰਦਾਜ਼ ਨੂੰ ਸੋਨੀ ਨੇ ਬਾਕਮਾਲ ਪੇਸ਼ ਕੀਤਾ। ਸੁਣਨ ਵਾਲੇ ਦੀਆਂ ਅੱਖਾਂ ਮੂਹਰੇ ਵੀਡੀਓ ਖੁਦ-ਬ-ਖੁਦ ਚੱਲਣ ਲੱਗਦਾ। ਕਿੰਨੇ ਟੁੰਬਵੇਂ ਸਨ ਇਹ ਬੋਲ :

ਕਿਹੜੀ ਗੱਲੋਂ ਨੀਂਵੀਂ ਪਾਈ ਰੱਖਦੇ,
ਤੁਸੀਂ ਸੋਹਣਿਓ ਕਿਉਂ ਨੀਂ ਹੱਸਦੇ,
ਮੱਥੇ ਉਤੋਂ ਨਾ ਤਿਊੜੀ ਚੱਕਦੇ,
ਅੱਖਾਂ ਕੱਢ ਕੇ ਡਰਾਓਗੇ ਤਾਂ ਨਹੀਂ,
ਥੋਡੇ ਨਾਲ ਜੇ ਥੋੜ੍ਹਾ ਜਿਹਾ ਖਹਿ ਦਿਆਂ,
ਸੋਹਣਿਓ ਨਰਾਜ਼ਗੀ ਤੇ ਨਹੀਂ,
ਗੱਲ ਦਿਲ ਦੀ ਜੇ ਇੱਕ ਕਹਿ ਦਿਆਂ।

'ਪੈਰਾਂ 'ਚ ਪੰਜੇਬ ਯਾਰ ਦੀ' ਗੀਤ 'ਚ ਉਸ ਨੇ ਪੰਜਾਬਣ ਦੀਆਂ ਖ਼ੂਬੀਆਂ ਦਾ ਵਰਨਣ ਕੀਤਾ। ਪਾਬਲਾ 'ਤੇ ਕੁਲਦੀਪ ਮਾਣਕ ਦੀ ਗਾਇਕੀ ਦਾ ਵਾਹਵਾ

ਅਸਰ ਸੀ। ਉਸ ਨੇ ਇੱਕ-ਦੋ ਤਰਜ਼ਾਂ ਵੀ ਹੂਬਹੂ ਉਸ ਵਾਲੀਆਂ ਗਾਈਆਂ। ਉਸ ਦੀ ਮੌਤ ਤੋਂ ਬਾਅਦ 'ਇਟਰਨਿਟੀ' ਨਾਮੀ ਜਿਹੜੀ ਕੈਸਿਟ ਰਿਲੀਜ਼ ਹੋਈ, ਉਸ ਵਿੱਚ ਇੱਕ ਗੀਤ 'ਦਿਲ ਮੇਰਾ ਤੋੜੀਂ ਨਾ' ਪਾਇਆ ਗਿਆ। ਇਹ ਗੀਤ ਮਾਣਕ ਦੇ ਗੀਤ 'ਮਾਂ ਮਰ ਚੱਲੀ ਇੱਛਰਾਂ, ਖਾਓ ਤਰਸ ਵਿਚਾਰੇ 'ਤੇ' ਦੀ ਤਰਜ਼ ਵਾਲਾ ਸੀ, ਬੋਲ ਸਨ :

ਸੋਹਣੀਏ ਗੱਲ ਸੁਣ ਖੜ੍ਹ ਕੇ ਮੇਰੀ,
ਮੇਰੇ ਬਾਰੇ ਸੋਚ ਕੀ ਤੇਰੀ।
ਐਵੇਂ ਮੂੰਹ ਮਰੋੜੀਂ ਨਾ,
ਸਹੁੰ ਲੱਗੇ ਤੈਨੂੰ ਹਾਣਦੀਏ,
ਦਿਲ ਮੇਰਾ ਤੋੜੀਂ ਨਾ।

'ਜੇ ਨੱਚਣੈ ਮਿੱਤਰਾਂ ਨਾਲ ਤਾਂ ਬੋਲੀ ਪਾਉਣੀ ਪੈਣੀ ਐਂ' ਗੀਤ ਵਿੱਚ ਉਸ ਨੇ ਨੱਚਣੋਂ ਸੰਗਦੀ ਮੁਟਿਆਰ ਨੂੰ ਗਿੱਧੇ ਦੇ ਪਿੜ 'ਚ ਧਮਾਲਾਂ ਪਾਉਣ ਲਈ ਆਖਿਆ ਤੇ 'ਕੁੜੀ ਨੱਚ-ਨੱਚ ਕਰਦੀ ਕਮਾਲ, ਅੱਖ ਮਸਤਾਨੀ ਏ' ਗੀਤ ਵਿੱਚ ਧਰਤੀ 'ਚ ਗਿੱਠ-ਗਿੱਠ ਟੋਏ ਪਾਉਣ ਵਾਲੀ ਪੰਜਾਬਣ ਦੇ ਹੁਸਨ ਦੀ ਰੱਜਵੀਂ ਤਾਰੀਫ਼ ਕੀਤੀ।

ਥੋੜ੍ਹੇ ਕੁ ਗੀਤਾਂ ਦੇ ਹਵਾਲੇ ਨਾਲ ਹੀ ਪਤਾ ਲੱਗ ਜਾਂਦੈ ਕਿ ਸੋਨੀ ਤਿੱਖੀ ਸੂਝ ਵਾਲਾ ਗਾਇਕ ਤੇ ਗੀਤਕਾਰ ਸੀ। ਨਵੇਂ ਪੋਚ ਦੇ ਗਾਇਕਾਂ 'ਚੋਂ ਮੋਹਰੀ ਬਣਨ ਵਾਲੇ ਉਸ ਅੰਦਰ ਸਾਰੇ ਗੁਣ ਸਨ, ਪਰ ਤਕਦੀਰ 'ਚ ਕੁੱਝ ਹੋਰ ਲਿਖਿਆ ਸੀ।

ਸੋਨੀ ਦੀ ਮੌਤ ਨੂੰ ਪੰਜ ਸਾਲ ਹੋ ਚੱਲੇ ਨੇ, ਪਰ ਹਾਲੇ ਇਹ ਕੱਲ੍ਹ ਦੀਆਂ ਗੱਲਾਂ ਲੱਗਦੀਆਂ ਨੇ। ਜਦੋਂ ਸੋਨੀ ਬਾਰੇ 'ਸੀ' ਸ਼ਬਦ ਵਰਤਿਆ ਜਾਂਦੈ ਤਾਂ ਜਾਪਦੈ ਉਸ ਨਾਲ ਬੇਇਨਸਾਫ਼ੀ ਹੋ ਰਹੀ ਏ। ਪਰ ਹਕੀਕਤ ਤਾਂ ਹਕੀਕਤ ਏ। ਉਸ ਨੂੰ ਮੋੜ ਕੇ ਨਹੀਂ ਲਿਆਂਦਾ ਜਾ ਸਕਦਾ, ਪਰ ਯਾਦ ਕਰ-ਕਰ ਮਨ ਨੂੰ ਤਸੱਲੀ ਦਿੱਤੀ ਜਾ ਸਕਦੀ ਏ। ਤੀਹ ਸਾਲ ਦੀ ਉਮਰੇ ਉਹਨੇ ਗਾਇਕੀ 'ਚ ਜਿਹੜੀ ਪਛਾਣ ਬਣਾਈ, ਉਹ ਕਈਆਂ ਨੂੰ ਵੀਹ-ਵੀਹ ਕੈਸਿਟਾਂ ਕਰਨ ਬਾਅਦ ਵੀ ਨਸੀਬ ਨਹੀਂ ਹੁੰਦੀ।

# ਨੀਲੇ ਖ਼ਾਨ

## (1982-2011)

ਵਿਛੋੜੇ ਦਾ ਸੱਲ੍ਹ ਕਈ ਵਾਰ ਬੜਾ ਕੁੱਝ ਸੋਚਣ ਲਈ ਮਜਬੂਰ ਕਰ ਜਾਂਦੈ। ਜਦੋਂ ਬਚਪਨ ਤੋਂ ਸਿਖਾਇਆ ਜਾਂਦੈ ਕਿ ਜਿਉਣ ਨਾਲੋਂ ਵੱਡਾ ਸੱਚ ਮਰਨਾ ਹੈ, ਫੇਰ ਜਾਣ ਵਾਲੇ ਦੇ ਦਰਦ 'ਚ ਅੱਥਰੂ ਕਿਉਂ ਆਉਂਦੇ ਨੇ ? ਕਿਉਂ ਸਭ ਕੁੱਝ ਲੁੱਟਿਆ-ਲੁੱਟਿਆ ਜਾਪਦੈ ? ਇਸਦਾ ਇੱਕ ਕਾਰਨ ਭਾਵੇਂ ਜਾਣ ਵਾਲੇ ਨਾਲ ਮੋਹ ਦੀਆਂ ਤੰਦਾਂ ਦਾ ਜੁੜਿਆ ਹੋਣਾ ਹੈ, ਪਰ ਦੂਜਾ ਕਾਰਨ ਇਹ ਹੈ ਕਿ ਜਾਣ ਵਾਲੇ ਨੇ ਜਿਉਂਦੇ ਜੀਅ ਜਿਹੜੇ ਖੇਤਰ 'ਚ ਜਿੰਨਾ ਕੁ ਯੋਗਦਾਨ ਪਾਇਆ ਹੁੰਦੈ, ਉਸ ਨੂੰ ਚੇਤੇ ਕਰ-ਕਰ ਝੂਰਨ ਤੋਂ ਬਿਨਾਂ ਸਾਡੇ ਕੋਲ ਕੱਖ ਨਹੀਂ ਬਚਦਾ।

ਫੇਰ ਸਵਾਲ ਹੋਣ ਲੱਗਦੈ ਕਿ ਕਈ ਵਾਰ ਜਾਣਕਾਰ ਬੰਦੇ ਦਾ ਵਿਛੋੜਾ ਓਨਾ ਦੁੱਖ ਨਹੀਂ ਦਿੰਦਾ, ਜਿੰਨਾ ਅਣਜਾਣ ਬੰਦੇ ਦਾ ਦੇ ਜਾਂਦੈ। ਜੀਹਨੂੰ ਮਿਲੇ ਨਾ ਹੋਈਏ, ਗੱਲਬਾਤ ਵੀ ਨਾ ਹੋਈ ਹੋਵੇ, ਕੋਈ ਨੇੜ ਨਾ ਹੋਵੇ, ਉਸਦੇ ਜਾਣ ਦਾ ਗ਼ਮ ਅੰਦਰੇ ਨੂੰ ਕਿਉਂ ਵਲੂੰਧਰਨ ਲੱਗਦੈ ?

ਦੁੱਖਾਂ ਦੀ ਇਹ ਬਾਤ ਇਸ ਕਰਕੇ ਪੈ ਰਹੀ ਏ ਕਿਉਂਕਿ 28 ਮਈ, 2011 ਨੂੰ ਨੀਲੇ ਖ਼ਾਨ ਨਾਂਅ ਦੇ ਉਸ ਗੀਤਕਾਰ ਦਾ ਵਿਛੋੜਾ ਪੈ ਗਿਆ, ਜਿਸ ਨੂੰ ਨਾ ਕਦੇ ਮਿਲੇ ਸਾਂ, ਨਾ ਦੇਖਿਆ ਸੀ ਤੇ ਨਾ ਹੀ ਕਦੇ ਗੱਲ ਹੋਈ। ਹਾਂ, ਉਸਦੇ ਗੀਤਾਂ ਨੂੰ ਜ਼ਰੂਰ ਮਾਣੀਦਾ ਸੀ, ਜਦੋਂ ਆਖਰੀ ਅੰਤਰੇ 'ਚ 'ਨੀਲੇ ਖ਼ਾਨ' ਆਉਂਦਾ ਤਾਂ ਮਨ ਨੂੰ ਅਵੱਲੀ ਜਿਹੀ ਖੁਸ਼ੀ ਹੁੰਦੀ। ਇਸ ਦੇ ਦੋ ਕਾਰਨ ਸਨ, ਇੱਕ ਤਾਂ ਉਸ ਦਾ ਹਰ ਗੀਤ ਕਮਾਲ ਦਾ ਹੁੰਦਾ ਤੇ ਦੂਜਾ ਉਹ ਆਪਣੇ ਨਾਂਅ ਨੂੰ ਗੀਤ 'ਚ ਲਾਜਵਾਬ ਢੰਗ ਨਾਲ ਫਿੱਟ ਕਰਦਾ।

ਜਦੋਂ ਨੀਲੇ ਦਾ ਲਿਖਿਆ ਗੀਤ 'ਕਾਹਦੀ ਬੱਸ 'ਚੋਂ ਉੱਤਰ ਗਈ ਤੂੰ ਬਠਿੰਡਾ ਬੀਕਾਨੇਰ ਹੋ ਗਿਆ' ਰਿਕਾਰਡ ਹੋਇਆ ਤਾਂ ਸੁਰਜੀਤ ਭੁੱਲਰ ਨਾਲ ਉਸ ਬਾਰੇ ਵਾਹਵਾ ਗੱਲਾਂ ਹੋਈਆਂ। ਉਸ ਆਖਿਆ, 'ਉਹ ਹਰ ਗੀਤ ਚੰਗਾ ਲਿਖਦੈ...ਬਹੁਤੇ ਗੀਤਕਾਰਾਂ ਦੇ ਗੀਤਾਂ ਨੂੰ ਗਾਉਣ ਤੋਂ ਪਹਿਲਾਂ ਸੋਧਣਾ ਪੈਂਦੈ...ਪਰ ਉਹਦੇ ਗੀਤ ਨੂੰ ਛੇੜਨਾ ਨਹੀਂ ਪੈਂਦਾ...।'

'ਬੱਸ 'ਚੋਂ ਉੱਤਰ ਗਈ ਤੂੰ' 'ਚ ਲੋਹੜਿਆਂ ਦਾ ਦਰਦ ਵੀ ਸੀ ਤੇ

ਵਿਆਕੁਲਤਾ ਵੀ। ਇਸ ਗੀਤ ਨੂੰ ਭਾਵੇਂ ਬੱਸਾਂ ਵਿੱਚ ਹੁੰਦੇ ਇਸ਼ਕ-ਮੁਸ਼ਕ ਦੇ ਮਾੜੇ ਪੱਖ ਨਾਲ ਵੀ ਜੋੜ ਕੇ ਦੇਖਿਆ ਜਾ ਸਕਦੈ, ਪਰ ਜਵਾਨੀ ਦੀਆਂ ਲਗਰਾਂ ਫੁੱਟਣ ਵੇਲ਼ੇ ਬੱਸ 'ਚ ਬੈਠੀ ਸੁਪਨਿਆਂ ਦੀ ਰਾਣੀ ਕਿਹੋ ਜਿਹੀ ਲੱਗਦੀ ਏ ਤੇ ਉਸ ਦੇ ਉੱਤਰਨ ਸਾਰ ਸੀਟਾਂ ਸਵਾਰੀਆਂ ਨਾਲ ਭਰੀਆਂ ਹੋਣ ਦੇ ਬਾਵਜੂਦ ਬੱਸ ਕਿਵੇਂ ਸੁੰਨੀ-ਸੁੰਨੀ ਲੱਗਣ ਲੱਗਦੀ ਏ, ਇਹ ਉਹੀ ਮਹਿਸੂਸ ਕਰ ਸਕਦੇ ਨੇ, ਜਿਨ੍ਹਾਂ ਇਹ ਵੇਲ਼ਾ ਹੰਢਾਇਆ ਹੋਵੇ। ਇਹ ਤਾਂ ਪਤਾ ਨਹੀਂ ਕਿ ਨੀਲੇ ਨੇ ਇਹ ਵੇਲ਼ਾ ਹੰਢਾਇਆ ਸੀ ਜਾਂ ਨਹੀਂ, ਪਰ ਉਹਨੇ ਹਜ਼ਾਰਾਂ ਦੇ ਹੰਢਾਏ ਪਲ਼ਾਂ ਨੂੰ ਗੀਤ ਜ਼ਰੀਏ ਚਿਤਰ ਜ਼ਰੂਰ ਦਿੱਤਾ ਸੀ।

ਮੌਤ ਕਿਸੇ ਦੀ ਮਿੱਤ ਨਹੀਂ, ਪਰ ਮੌਤ ਏਦਾਂ ਵੀ ਆ ਜਾਂਦੀ ਏ, ਇਹ ਬਹੁਤ ਘੱਟ ਸੁਣਿਆ ਸੀ। ਬੰਦਾ ਨਹਾ ਕੇ, ਤੇੜ ਤੌਲੀਆ ਬੰਨ੍ਹ ਕੂਲਰ ਕੋਲੋਂ ਲੰਘ ਰਿਹਾ ਹੋਵੇ, ਬਾਂਹ ਕੂਲਰ ਨਾਲ ਲੱਗ ਜਾਵੇ ਤੇ ਕਰੰਟ ਏਨੇ ਜ਼ੋਰ ਨਾਲ ਪਵੇ ਕਿ ਮੌਕੇ 'ਤੇ ਹੀ ਮੌਤ ਹੋ ਜਾਵੇ, ਕਿੰਨੀ ਹੈਰਾਨੀ ਵਾਲੀ ਹੈ ਇਹ ਮੌਤ। ਬੰਦਾ ਬਿਮਾਰ ਰਿਹਾ ਹੋਵੇ, ਘਰਦਿਆਂ ਇਲਾਜ ਲਈ ਪੂਰੀ ਵਾਹ ਲਾਈ ਹੋਵੇ, ਫੇਰ ਵੀ ਮੌਤ ਹੋ ਜਾਵੇ ਤਾਂ ਭਾਣਾ ਮੰਨ ਲਈਦੈ, ਪਰ ਇਹ ਕੀ ਪਲਾਂ 'ਚ 'ਹੈ' ਤੋਂ 'ਸੀ' ਹੋ ਜਾਣਾ।

ਨੀਲੇ ਦਾ ਭਰਾ ਦੱਸਦੈ ਕਿ ਉਹਦੇ ਦੋਸਤ-ਮਿੱਤਰ ਘਰ ਆਏ ਸਨ। ਕਹਿੰਦਾ, 'ਯਾਰ ਤੂੰ ਫ਼ਲਾਣਾ ਕੰਮ ਛੇਤੀ-ਛੇਤੀ ਕਰਦੇ, ਮੈਂ ਨਹਾ ਕੇ ਇਨ੍ਹਾਂ ਨਾਲ ਕੰਮ ਵੀ ਜਾਣੈ...।' ਨਹਾ ਕੇ ਗੁਸਲਖ਼ਾਨੇ 'ਚੋਂ ਬਾਹਰ ਨਿਕਲਿਆ ਤਾਂ ਚੱਲਦੇ ਕੂਲਰ ਕੋਲੋਂ ਲੰਘਿਆ। ਸਰੀਰ ਗਿੱਲਾ ਸੀ ਤੇ ਪੈਰੋਂ ਨੰਗਾ। ਕਰੰਟ ਨਾਲ ਐਸਾ ਝਟਕਾ ਲੱਗਾ ਕਿ ਸੈਕਿੰਡਾਂ 'ਚ ਹੀ ਨੀਲੇ ਦਾ ਸਰੀਰ ਨੀਲਾ ਹੋ ਗਿਆ। ਸਧਰਾਂ ਦੀ ਸਾਥਣ ਦਾ ਸੁਹਾਗ ਲੁੱਟਿਆ ਗਿਆ, ਮਾਪਿਆਂ ਦਾ ਚੰਨ ਛੁਪਣਛੋਤ ਹੋ ਗਿਆ ਤੇ ਸੰਗੀਤ ਪ੍ਰੇਮੀਆਂ ਦਾ ਮਹਿਬੂਬ ਗੀਤਕਾਰ ਸਦਾ ਲਈ ਅੱਖਾਂ ਮੀਟ ਗਿਆ।

ਨੀਲੇ ਖ਼ਾਨ ਦਾ ਗੀਤਕਾਰੀ ਸਫ਼ਰ ਬਹੁਤਾ ਲੰਮਾ ਨਹੀਂ। ਉਸਦੇ ਦੋ ਕੁ ਦਰਜਨ ਗੀਤ ਰਿਕਾਰਡ ਹੋਏ। ਭਾਵੇਂ ਗਾਇਆ ਉਸ ਨੂੰ ਕਈਆਂ ਨੇ, ਪਰ ਅਸਲ ਪਛਾਣ ਸੁਰਜੀਤ ਭੁੱਲਰ ਦੇ ਗੀਤਾਂ ਕਰਕੇ ਮਿਲੀ। ਅੱਜ ਦੇ ਦੌਰ ਵਿੱਚ ਉਹੀ ਗੀਤ ਚਰਚਿਤ ਹੁੰਦੈ, ਜਿਸਦਾ ਵੀਡੀਓ ਚੰਗਾ ਬਣਿਆ ਹੋਵੇ ਤੇ ਬਾਅਦ ਵਿੱਚ ਚੈਨਲ ਇਸ਼ਤਿਹਾਰਬਾਜ਼ੀ ਵੀ ਚੰਗੀ ਹੋਵੇ। ਸੁਰਜੀਤ ਭੁੱਲਰ ਦੀਆਂ ਤਿੰਨ-ਚਾਰ ਕੈਸਿਟਾਂ ਦੇ ਟਾਈਟਲ ਵੀ ਉਸੇ ਦੇ ਗਾਣਿਆਂ 'ਤੇ ਰੱਖੇ ਗਏ। ਵੀਡੀਓ ਚੰਗੇ ਬੱਜਟ ਦੇ ਬਣੇ ਤੇ ਨੀਲੇ ਦੀ ਪਛਾਣ ਗੂੜ੍ਹੀ ਹੋ ਗਈ। ਜਿਨ੍ਹਾਂ ਹੋਰਾਂ ਨੇ ਗਾਇਆ, ਉਨ੍ਹਾਂ ਵਿਚੋਂ

ਜ਼ਿਆਦਾਤਰ ਦੇ ਵੀਡੀਓ ਨਾ ਬਣੇ, ਜਿਸ ਕਰਕੇ ਉਨ੍ਹਾਂ ਦਾ ਨੋਟਿਸ ਨਾ ਲਿਆ ਗਿਆ।

ਉਸ ਦਾ ਭਰਾ ਦੱਸਦੈ ਕਿ ਸਿਰਫ਼ ਸੁਰਜੀਤ ਹੀ ਉਨ੍ਹਾਂ ਨਾਲ ਔਖੇ ਵੇਲ਼ੇ ਖੜ੍ਹਾ ਹੋਇਆ। ਨੀਲੇ ਦੇ ਭੋਗ ਵਾਲ਼ੇ ਦਿਨ ਵੀ ਉਸੇ ਨੇ ਮਾਇਕ ਮੱਦਦ ਕੀਤੀ ਤੇ ਪਹਿਲਾਂ ਵੀ, ਹੋਰ ਕੋਈ ਨਾ ਬਹੁੜਿਆ।

ਨੀਲੇ ਖ਼ਾਨ 1982 'ਚ ਬਠਿੰਡਾ ਜ਼ਿਲ੍ਹੇ ਦੀ ਤਹਿਸੀਲ ਰਾਮਪੁਰਾ ਫੂਲ ਵਿਚਲੇ ਪਿੰਡ ਰਾਈਆ 'ਚ ਜੰਮਿਆ ਤੇ 29 ਸਾਲ ਦੀ ਉਮਰੇ ਸੱਭੇ ਕੰਮ-ਕਾਜ ਵਿਚਾਲੇ ਛੱਡ ਗਿਆ। ਪਿੱਛੇ ਮਾਪੇ, ਭੈਣ-ਭਰਾ, ਦੋ ਪੁੱਤਰ ਤੇ ਸਧਰਾਂ ਦੀ ਸਾਥਣ ਛੱਡ ਗਿਆ। ਭਾਵੇਂ ਉਹ ਉਜਰਤ ਲਈ ਬੀ.ਡੀ.ਪੀ.ਓ ਮਹਿਕਮੇ ਦੇ ਬਲਾਕ ਮੌੜ ਮੰਡੀ 'ਚ ਸੇਵਾਦਾਰ ਦੀ ਨੌਕਰੀ ਕਰਦਾ ਸੀ, ਪਰ ਇਸ ਸੇਵਾਦਾਰੀ ਦੇ ਨਾਲ-ਨਾਲ ਉਹ ਗੀਤਕਾਰੀ ਦੀ ਸੇਵਾ ਵੀ ਕਰੀ ਜਾ ਰਿਹਾ ਸੀ। ਘਰਦਿਆਂ ਉਸ ਦਾ ਨਾਂਅ ਜਮਾਲ ਦੀਨ ਰੱਖਿਆ, ਪਰ ਹੌਲੀ-ਹੌਲੀ ਉਹ ਨੀਲੇ ਖ਼ਾਨ ਬਣ ਗਿਆ। ਉਸ ਦਾ ਭਰਾ ਦੱਸਦੈ ਕਿ ਪੰਜਵੀਂ-ਛੇਵੀਂ 'ਚ ਹੀ ਉਹ ਗੀਤ ਜੋੜਨ ਲੱਗ ਗਿਆ ਸੀ। ਮਾਸਟਰ ਨੇ ਕੰਨ ਫੜਾ ਦੇਣੇ ਤਾਂ ਉਹਦੇ 'ਤੇ ਪੁੱਠਾ-ਸਿੱਧਾ ਗੀਤ ਬਣਾ ਦੇਣਾ, ਭੈਣ ਜੀ ਨੇ ਕੁੱਟਣਾ ਤਾਂ ਉਹਦੇ ਬਾਰੇ ਕੁੱਝ ਲਿਖ ਛੱਡਣਾ। ਪੜ੍ਹਿਆ ਉਹ ਸਿਰਫ਼ ਮੈਟ੍ਰਿਕ ਤੱਕ। 2002 'ਚ ਉਹਨੂੰ ਨੌਕਰੀ ਮਿਲ ਗਈ। ਪਹਿਲਾ ਗੀਤ ਗੁਰਤੇਜ ਕਮਲ ਦੀ ਅਵਾਜ਼ 'ਚ ਰਿਕਾਰਡ ਹੋਇਆ, 'ਕਦੇ ਤਾਂ ਤੇਰੇ ਸੀ' ਤੇ ਦੂਜਾ ਬਲਕਾਰ ਸਿੱਧੂ ਨੇ ਗਾਇਆ, 'ਦੋ ਗੱਲਾਂ ਕਰੀਏ ਬਹਿਜਾ, ਸਾਡੀ ਸੁਣ ਆਪਣੀ ਕਹਿਜਾ।' ਬਲਕਾਰ ਵਾਲਾ ਗੀਤ ਵਾਹਵਾ ਹਿੱਟ ਹੋਇਆ, ਨੀਲੇ ਨੂੰ ਪ੍ਰਸਿੱਧੀ ਮਿਲ ਗਈ, ਹੋਰ ਕੁੱਝ ਨਹੀਂ...।

ਨੀਲੇ ਖ਼ਾਨ ਦੇ ਗੀਤ 'ਫੋਟੋ ਕੀਹਦੀ ਬਟੂਏ 'ਚ ਪਾਈ ਫਿਰਦਾ' (ਧਰਮਪ੍ਰੀਤ), 'ਐਡੀ ਛੇਤੀ ਮਾਪਿਆਂ ਤੋਂ ਜੀਅ ਲਹਿ ਗਿਆ' (ਮਿੰਟੂ ਧੂਰੀ), 'ਇੱਕ ਚਿੱਤ ਕਰਦਾ ਜਿਊਣ ਜੋਗਿਆ ਮੈਂ ਤੇਰੀ ਮੁੰਦਰੀ ਵਗਾਹ ਕੇ ਮਾਰਾਂ' (ਹਰਦੇਵ ਮਾਹੀਨੰਗਲ), 'ਜਦੋਂ ਸਾਨੂੰ ਤੇਰਿਆਂ ਸਹਾਰਿਆਂ ਦੀ ਲੋੜ ਸੀ' (ਹਰਦੇਵ ਮਾਹੀਨੰਗਲ), 'ਬੋਤਲ ਵਰਗੀ ਨੇ ਕਰ'ਤਾ ਪਿੰਡ ਸ਼ਰਾਬੀ' (ਕਾਕਾ ਜ਼ੈਲਦਾਰ), 'ਮੱਲੋ ਮੱਲੀ ਲੱਗਜੇ ਨਜ਼ਰ ਸੋਹਣੀ ਚੀਜ਼ ਨੂੰ' (ਮਹਾਸ਼ਾ ਅਲੀ), 'ਛੱਡ ਕੇ ਨਾ ਜਾਈਂ ਮੇਰੀ ਜਾਨ ਬਣ ਕੇ' (ਲਖਵਿੰਦਰ ਲੱਕੀ), 'ਤੂੰ ਤਾਂ ਭੋਲ਼ੀ ਭਾਲ਼ੀ ਅੱਖਾਂ ਸਿਰੇ ਦੀਆਂ ਠੱਗ ਨੀਂ' (ਜੱਸੀ ਸਿੱਧੂ) ਤੇ 'ਕੀ ਲੱਡੂਆਂ ਦਾ ਤੋੜਾ' (ਦੀਪ ਢਿੱਲੋਂ) ਨੇ ਗਾਏ।

ਸੁਰਜੀਤ ਭੁੱਲਰ ਦੀ ਕੈਸਿਟ 'ਗੱਭਰੂ' ਦਾ ਟਾਈਟਲ ਗੀਤ ਵੀ ਨੀਲੇ ਦਾ ਲਿਖਿਆ ਸੀ ਤੇ ਇਸ ਵਿਚਲੇ 'ਮੁੱਛ ਫੁੱਟ ਗੱਭਰੂ ਨਾ ਗੱਲ ਕਿਵੇਂ ਕਰਾਂ, ਵੇ ਮੈਂ ਸਖੀਆਂ ਤੋਂ ਪੁੱਛਦੀ ਫਿਰਾਂ' ਤੇ 'ਦਸ ਦਿਨ ਪੇਕੇ ਲਾ ਆਵਾਂ ਅੜਿਆ' ਗੀਤ ਖ਼ੂਬ ਮਕਬੂਲ ਹੋਏ। ਬਾਅਦ 'ਚ ਸੁਰਜੀਤ ਦੀ 'ਅੰਬਰਾਂ ਦਾ ਚੰਨ' ਰਿਲੀਜ਼ ਹੋਈ ਤਾਂ ਟਾਈਟਲ ਗੀਤ 'ਅੰਬਰਾਂ ਦਾ ਚੰਨ ਗੋਰੀਏ ਤੈਥੋਂ ਡਰਦਾ ਨਾ ਚੜ੍ਹਦਾ ਵਿਚਾਰਾ', 'ਕੁੜੀ ਗੱਭਰੂ ਪੱਟਣ ਦੀ ਮਾਰੀ ਗਲੀ ਦਾ ਬੂਹਾ ਬੰਦ ਨਾ ਕਰੇ' ਤੇ 'ਮੈਨੂੰ ਸਮਝ ਨਹੀਂ ਆਉਂਦੀ ਚੰਨ ਮੇਰਿਆ ਵੇ ਤੂੰ ਰੱਖ ਦਿੱਤਾ ਕੀ ਕਰਕੇ' ਹਰ ਜ਼ੁਬਾਨ 'ਤੇ ਚੜ੍ਹੇ। ਜਦੋਂ ਸੁਰਜੀਤ ਦੀ ਧਾਰਮਿਕ ਕੈਸਿਟ 'ਨਾਮ ਖੁਮਾਰੀ' ਆਈ ਤਾਂ ਉਸ ਵਿਚਲਾ ਨੀਲੇ ਦਾ ਲਿਖਿਆ, 'ਮੇਰੇ ਨੈਣ ਤਰਸਦੇ ਰਹਿੰਦੇ ਨੇ ਨਨਕਾਣਾ ਵੇਖਣ ਨੂੰ' ਵੀ ਲੋਕ ਮਨਾਂ 'ਤੇ ਅਮਿੱਟ ਪ੍ਰਭਾਵ ਛੱਡਣ 'ਚ ਕਾਮਯਾਬ ਹੋਇਆ।

ਨੀਲਾ ਹੁਣ ਸਾਡੇ ਦਰਮਿਆਨ ਨਹੀਂ, ਪਰ ਉਸਦੇ ਗੀਤ ਜ਼ਰੂਰ ਨੇ। ਗੀਤ ਏਨੇ ਥੋੜ੍ਹੇ ਨੇ ਕਿ ਬਹੁਤਾ ਲੰਮਾ ਸਮਾਂ ਚੇਤੇ ਨਹੀਂ ਰਹਿਣੇ। ਲੋਕਾਂ ਦਾ ਚੇਤਾ ਏਨਾ ਮੰਦਾ ਹੋ ਚੁੱਕੈ ਕਿ ਕੁੱਝ ਮਹੀਨਿਆਂ ਬਾਅਦ ਸਭ ਕੁੱਝ ਭੁੱਲਣਾ ਸ਼ੁਰੂ ਹੋ ਜਾਂਦੈ। ਕੱਲ੍ਹ ਤੱਕ ਜਿਹੜੇ ਸਨਮੁਖ ਸਿੰਘ ਅਜ਼ਾਦ ਦੀ ਗੀਤਕਾਰੀ ਦੀਆਂ ਗੱਲਾਂ ਹੁੰਦੀਆਂ ਸਨ, ਉਸ ਨੂੰ ਸੈਂਕੜੇ ਗੀਤ ਰਚਣ ਦੇ ਬਾਵਜੂਦ ਲੋਕਾਂ ਭੁਲਾ ਛੱਡਿਐ। ਹੌਲੀ-ਹੌਲੀ ਨੀਲਾ ਵੀ ਉਸ ਖਾਤੇ ਪੈਣਾ ਸ਼ੁਰੂ ਹੋ ਜਾਵੇਗਾ। ਪਰ ਸਾਨੂੰ ਜਿਊਂਦਿਆਂ ਨੂੰ ਪਿਆਰ ਦੇਣ ਦੇ ਨਾਲ-ਨਾਲ ਮੋਇਆਂ ਨੂੰ ਯਾਦ ਵੀ ਰੱਖਣਾ ਚਾਹੀਦੈ। ਆਰਥਿਕ ਪੱਖ ਬਹੁਤਾ ਚੰਗਾ ਨਾ ਹੋਣ ਕਰਕੇ ਹੋ ਸਕਦੈ ਕਿ ਨੀਲੇ ਦੀ ਬਰਸੀ 'ਤੇ ਮੇਲਾ ਵੀ ਨਾ ਹੋਵੇ ਤੇ ਇਹ ਵੀ ਹੋ ਸਕਦੈ ਕਿ ਘਰ ਕੋਈ ਕਲਾਕਾਰ ਨਾ ਬਹੁੜੇ, ਪਰ ਗੀਤ-ਸੰਗੀਤ ਨੂੰ ਦਿਲੀ ਪਿਆਰ ਕਰਨ ਵਾਲਿਆਂ ਨੂੰ ਨੀਲੇ ਖ਼ਾਨ ਸਮੇਤ ਕਲਾ ਜਗਤ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਉਨ੍ਹਾਂ ਸਾਰੇ ਲੋਕਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ, ਜਿਨ੍ਹਾਂ ਤੰਗੀਆਂ-ਤੁਰਸ਼ੀਆਂ ਝੱਲਦਿਆਂ ਖੁਸ਼ੀ ਦੇ ਮਾਹੌਲ ਵਾਲੇ ਗੀਤ ਸਿਰਜੇ, ਜਿਨ੍ਹਾਂ ਦੀ ਗੀਤਕਾਰੀ ਤੇ ਗਾਇਕੀ ਵਿਚੋਂ ਕਦੇ ਗ਼ੁਰਬਤ ਦੇ ਝਲਕਾਰੇ ਨਹੀਂ ਪਏ।

**********

ਇਸ ਕਿਤਾਬ ਵਿਚ
ਕੁੱਲ ਅੱਖਰ 91167
ਕੁੱਲ ਸ਼ਬਦ 22074
ਕੁੱਲ ਪੈਰੇ 464